# ਅੰਮ੍ਰਿਤ ਕੀਰਤਨ

ਅੰਕ 7 ਸਾਲ ਚੌਥਾ ਜੁਲਾਈ 1992




ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 7 ਸਾਲ ਚੌਥਾ ਜੁਲਾਈ 1992

ਸੰਪਾਦਕ (ਆਨਰੇਰੀ)
ਜਾਗੀਰ ਸਿੰਘ

ਸਹਿਯੋਗੀ
ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੋਪੜਾ
ਪ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ)
422 ਸੈਕਟਰ 15 ਏ
ਚੰਡੀਗੜ੍ਹ-160015
ਫੋਨ : 24660

ਚੰਦੇ ਦਾ ਵੇਰਵਾ
ਇਕ ਕਾਪੀ 5 ਰੁਪਏ
ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

## ਵਿਸ਼ਾ ਪੰਨਾ

1. ਤੁਹਾਡੇ ਪੱਤਰ 4
2. ਗੁਰਮਤਿ ਸੰਗੀਤ : ਪਹਿਚਾਣ ਤੇ ਉਦੇਸ਼ —ਡਾ. ਗੁਰਨਾਮ ਸਿੰਘ 5
3. From the desk of Spiritual Seekers —Mohan S. Advani 8
4. ਸਾਡੇ ਕੀਰਤਨੀਏ : ਭਾਈ ਬਲਬੀਰ ਸਿੰਘ 'ਨੀਲਮ' ਅਤੇ ਭਾਈ ਸਾਹਿਬ ਤ੍ਰਲੋਚਨ ਸਿੰਘ 9
5. ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ - ਡਾ. ਜਾਗੀਰ ਸਿੰਘ 11
6 Kirtan and Gurmat Dr. Bishan Swaroop Aggarwal Ropari 15
7. ਪਟਿਆਲਾ ਸੰਗੀਤ ਘਰਾਣੇ ਦੀ ਵਾਦਨ ਪਰੰਪਰਾ —ਬਲਬੀਰ ਸਿੰਘ 'ਕੰਵਲ' 17
8. ਸੰਗੀਤ ਸਿਖਿਆ : ਆਰੋਹੀ-ਅਵਰੋਹੀ ਅਤੇ ਲੈਅ 20
9. ਆਸਾ ਦੀ ਵਾਰ ਦਾ ਲੜੀਵਾਰ ਵੀਚਾਰ —'ਪ੍ਰੇਮ ਸਿੰਘ 'ਪ੍ਰੇਮ' 22
10. ਰਾਗ ਦੇ ਅਰਥ ਤੇ ਵਿਸ਼ੇਸ਼ਤਾ —ਬੇਦੀ ਲਾਲ ਸਿੰਘ ਸਾਹਿਤਕਾਰ 24
11. ਸੁਰ ਲਿਪੀ ਤੇ ਸ਼ਬਦ-ਅਰਥ : ਰਾਗ ਮਲਾਰ —ਕਰਨਬੀਰ ਕੌਰ 28
12. ਗੁਰਬਾਣੀ ਸੰਗੀਤ ਅਤੇ ਗੁਰਮਤਿ ਸਮਾਚਾਰ —ਡਾ. ਜਾਗੀਰ ਸਿੰਘ 32

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਤੁਹਾਡੇ ਪੱਤਰ

ਗੁਰਬਾਣੀਕੀਰਤਨ ਦੀ ਪੁਰਾਤਨ ਮਰਿਯਾਦਾ ਅਨੁਸਾਰ 'ਵਿਸਮਾਦ ਨਾਦ' ਨੇ ਜੋ ਕੈਸਟ ਤਿਆਰ ਕੀਤੇ ਹਨ, ਵਾਰ ਵਾਰ ਸੁਣੇ ਹਨ ਤੇ ਬਹੁਤ ਅਨੰਦ ਮਾਣਿਆ ਹੈ। ਵਾਸਤਵ ਵਿਚ ਗੁਰਬਾਣੀ ਕੀਰਤਨ ਜੋ ਰਾਗਾਂ ਅਨੁਸਾਰ ਗਾਇਨ ਕੀਤਾ ਹੈ, ਬਹੁਤ ਹੀ ਅਨੰਦਮਈ ਹੈ ਅਤੇ ਮਨ ਨੂੰ ਸ਼ਾਂਤੀ ਦਿੰਦਾ ਹੈ। ਇਹਨਾਂ ਕੈਸਟਾਂ ਦੇ ਸ਼ਬਦ ਸਰਵਣ ਕਰਨ ਨਾਲ ਪਤਾ ਲਗਦਾ ਹੈ ਕਿ ਗੁਰਬਾਣੀ ਕੀਰਤਨ ਤੇ ਰਾਗ ਦਾ ਕਿੰਨਾ ਸੰਬੰਧ ਹੈ।

ਇਹਨਾਂ ਕੈਸਟਾਂ ਦੇ ਨਿਰਮਾਤਾਵਾਂ ਦਾ ਇਹ ਇਕ ਬਹੁਤ ਹੀ ਸ਼ਲਾਘਾਯੋਗ ਜਤਨ ਹੈ। ਇਸ ਲਈ ਮੈਂ ਇਸ ਕਾਰਜ ਨਾਲ ਸੰਬੰਧਿਤ ਉਹਨਾਂ ਸਭ ਵੀਰਾਂ ਨੂੰ ਹਾਰਦਿਕ ਵਧਾਈ ਦੇਂਦਾ ਹਾਂ ਤੇ ਵਾਹਿਗੁਰੂ ਜੀ ਦੇ ਚਰਣਾਂ ਵਿਚ ਅਰਦਾਸ ਕਰਦਾ ਹਾਂ ਕਿ ਵਿਸ਼ਮਾਦ ਨਾਦ ਨੂੰ ਇਸ ਮਿਸ਼ਨ ਵਿਚ ਕਾਮਯਾਬੀਆਂ ਤੇ ਚੜ੍ਹਦੀਆਂ ਕਲਾਂ ਬਖਸ਼ਣ।

ਵਿਸਮਾਦ ਨਾਦ ਦੇ ਨਿਰਮਾਤਾਵਾਂ ਲਈ ਇਕ ਛੋਟਾ ਜਿਹਾ ਸੁਝਾਓ ਹੈ ਕਿ ਅਗਰ ਇਸ 16 ਕੈਸਟਾਂ ਦੇ ਸੈੱਟ ਨੂੰ ਚਾਰ ਹਿੱਸਿਆਂ ਵਿਚ ਕਰ ਦਿੱਤਾ ਜਾਵੇ ਤਾਂ ਜ਼ਿਆਦਾ ਤੋਂ ਜ਼ਿਆਦਾ ਕੀਰਤਨ ਪ੍ਰੇਮੀ ਇਸ ਦਾ ਅਨੰਦ ਲੈ ਸਕਣਗੇ ਜੀ।

—ਟੀ. ਨਰਿੰਦਰ ਪਾਲ ਸਿੰਘ
ਨਵੀਂ ਦਿੱਲੀ

ਆਪ ਜੀ ਵੱਲੋਂ ਪ੍ਰਕਾਸ਼ਿਤ 'ਅੰਮ੍ਰਿਤ ਕੀਰਤਨ' ਅਪ੍ਰੈਲ ਮਹੀਨੇ ਤੋਂ ਪੜ੍ਹ ਰਿਹਾ ਹਾਂ ਇਸ ਪੱਤਰ ਤੋਂ ਕੀਰਤਨ ਬਾਰੇ ਸਹੀ ਸੇਧ ਮਿਲ ਰਹੀ ਹੈ। ਮੇਰੇ ਬੱਚੇ ਵੀ ਹਰ ਮਹੀਨੇ ਇਸ ਪੱਤਰ ਦੀ ਬੜੀ ਬੇ-ਸਬਰੀ ਨਾਲ ਉਡੀਕ ਕਰਦੇ ਹਨ, ਕਿਉਂਕਿ ਮੇਰੇ ਬੱਚੇ ਵੀ 'ਨੀਲਮ ਸੰਗੀਤ ਮੰਦਿਰ ਨਵਾਂ-ਸ਼ਹਿਰ' ਤੋਂ ਗੁਰਬਾਣੀ ਦਾ ਕੀਰਤਨ ਸਿਖ ਰਹੇ ਹਨ ਅਤੇ ਇਸ ਪਰਚੇ ਤੋਂ ਉਹਨਾਂ ਨੂੰ ਹਰ ਮਹੀਨੇ ਇਕ ਨਵਾਂ ਰਾਗ (ਸ਼ਬਦ) ਸਿੱਖਣ ਨੂੰ ਮਿਲ ਜਾਂਦਾ ਹੈ। ਬੱਚਿਆਂ ਦੇ ਸ਼ਬਦ ਕੀਰਤਨ ਸਿੱਖਣ ਲਈ ਇਹ ਪੱਤਰ ਇਕ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ। ਇਸ ਪੱਤਰ ਦੀ ਹੋਰ ਵਧੇਰੇ ਕਾਮਯਾਬੀ ਲਈ ਪ੍ਰਮਾਤਮਾਂ ਪਾਸ ਅਰਦਾਸ ਕਰਦਾ ਹਾਂ।

—ਜੋਗਿੰਦਰ ਸਿੰਘ ਡੌਲਾ
ਸਰਕਾਰੀ ਹਾਈ ਸਕੂਲ ਉਸਮਾਨ ਪੁਰ (ਜਲੰਧਰ)

# ਗੁਰਮਤਿ ਸੰਗੀਤ: ਪਹਿਚਾਣ ਤੇ ਉਦੇਸ਼

—ਡਾ. ਗੁਰਨਾਮ ਸਿੰਘ

ਸਿਖ ਧਰਮ ਵਿਚ ਕੀਰਤਨ ਦਾ ਵਿਸ਼ੇਸ਼ ਮਹੱਤਵ ਹੈ। ਇਸ ਕੀਰਤਨ ਨੂੰ ਸ਼ਬਦ ਨਾਲ ਜੋੜਿਆ ਗਿਆ ਹੈ ਅਤੇ ਸ਼ਬਦ—ਕੀਰਤਨ ਦੀ ਇਸ ਸੰਜੁਗਤ ਪ੍ਰਸਤੁਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਤਰਗਤ ਇਕ ਨਿਸ਼ਚਿਤ ਪ੍ਰਬੰਧ ਦਾ ਧਾਰਣੀ ਬਣਾਇਆ ਗਿਆ ਹੈ। ਇਹ ਸ਼ਬਦ—ਕੀਰਤਨ ਉਸ ਪ੍ਰਮਾਤਮਾ ਦਾ ਕੇਵਲ ਗੁਣ ਕੀਰਤਨ ਜਾਂ ਨਾਮ ਰਟਨ ਹੀ ਨਹੀਂ ਸਗੋਂ ਇਸ ਦੁਆਰਾ ਮਨ ਵਿਚ ਬਾਣੀ—ਸਚ ਦਾ ਪ੍ਰਕਾਸ਼ ਵੀ ਹੋਣਾ ਹੈ ਤੇ ਬੋਧ ਵੀ। ਇਸ ਤਰਾਂ ਸ਼ਬਦ—ਕੀਰਤਨ 'ਮਨ ਵਸਾਉਣ' ਅਤੇ 'ਆਤਮ ਬੋਧ' ਦੇ ਪ੍ਰਸੰਗ ਵਿਚ ਦੂਸਰੀਆਂ ਸੰਕੀਰਤਨ ਪਰੰਪਰਾਵਾਂ ਅਤੇ ਕੀਰਤਨ ਪੱਧਤੀਆਂ ਨਾਲੋਂ ਅੱਲਗ ਹੋ ਜਾਂਦਾ ਹੈ। ਇਸ ਵਿਲਖੱਣਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਇਮ ਰੱਖਿਆ ਗਿਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਤੋਂ ਭਲੀ ਭਾਂਤ ਸਪਸ਼ਟ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸੰਸਥਾਪਿਤ ਅਤੇ ਸਮੂਹ ਗੁਰੂ ਸਹਿਬਾਨ ਦੁਆਰਾ ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਪ੍ਰਚਾਰੀ ਗਈ ਇਸ ਪਰੰਪਰਾ ਦੇ ਸਿਧਾਂਤਕ ਪੱਖਾਂ ਨੂੰ ਲਿਖਿਤ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ ਹੈ। ਵਿਵਹਾਰਕ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਦਰਸਾਇਆ ਗਿਆ ਇਹ ਮਾਰਗ ਕੇਵਲ ਬਾਣੀ ਦੇ ਗਾਇਨ ਤੱਕ ਹੀ ਸੀਮਤ ਰਹਿ ਜਾਂਦਾ ਹੈ ਅਤੇ ਇਸਦੇ ਗਾਇਨ ਸਿਧਾਂਤ ਵਲ ਕੋਈ ਵੱਖਰਾ ਜਾਂ ਵਿਸ਼ੇਸ਼ ਧਿਆਨ ਨਹੀਂ ਦਿਤਾ ਜਾਂਦਾ। ਜਦੋਂ ਕਿ ਗੁਰਮਤਿ ਅਨੁਸਾਰ ਦਰਸਾਏ ਗਏ ਸਿਖ ਧਰਮ ਦੇ ਹਰ ਰਹੁਰੀਤਾਂ ਅਤੇ ਅਚਾਰ ਵਿਹਾਰ ਵਾਂਗ ਇਸ ਦੇ ਕੀਰਤਨ ਦੀ ਵੀ ਨਿਸ਼ਚਿਤ ਅਤੇ ਵਿਸ਼ੇਸ਼ ਪਰੰਪਰਾ ਹੈ। ਇਸੇ ਕਰਕੇ ਅਸੀਂ ਇਸ ਨੂੰ ਗੁਰਮਤਿ ਸੰਗੀਤ ਆਖਦੇ ਹਾਂ। ਗੁਰਮਤਿ ਭਾਵੇਂ ਸਿੱਧੇ ਤੌਰ ਤੇ ਸਿਖ ਧਰਮ ਦਰਸ਼ਨ ਨਾਲ ਸੰਬੰਧਤ ਹੈ ਪਰੰਤੂ ਜੇਕਰ ਵੱਖ ਵੱਖ ਸਿਖ ਧਰਮ ਦਰਸ਼ਨ ਦੇ ਵਿਆਖਿਆਕਾਰਾਂ ਦੇ ਵਿਚਾਰਾਂ ਨੂੰ ਵਾਚੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰਮਤਿ ਸਤਿਗੁਰੂ ਦੁਆਰਾ ਦਿੱਤਾ ਗਿਆ ਸਿਧਾਂਤ, ਸਤਿਗੁਰੂ ਦੁਆਰਾ ਸਿਧ ਕੀਤਾ ਗਿਆ ਸਿਧਾਂਤ, ਜਾਂ ਉਹ ਮਾਰਗ ਜਾਂ ਧਾਰਣਾ ਅਤੇ ਰਹੁ ਰੀਤ ਹੈ ਜੋ ਦਸਾਂ ਗੁਰੂ ਸਾਹਿਬਾਨਾਂ ਦੁਆਰਾ ਦਰਸਾਏ ਗਏ ਗਿਆਨ ਉਪਦੇਸ਼ ਉਤੇ ਕਾਇਮ ਹੋਈ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੁਆਰਾ ਦਰਸਾਇਆ ਗਿਆ ਸੰਗੀਤ ਦਾ ਸਿਧਾਂਤ, ਰਹੁ ਰੀਤ ਭਾਵ ਇਸਦਾ ਸਿਧਾਂਤਕ ਅਤੇ ਵਿਵਹਾਰਕ ਸਮੁੱਚ ਗੁਰਮਤਿ ਸੰਗੀਤ ਹੈ।

ਇਥੇ ਅਸੀਂ ਗੁਰਮਤਿ ਸੰਗੀਤ ਦੇ ਮੂਲ ਸਿਧਾਂਤਾਂ ਸੰਬੰਧੀ ਵਿਚਾਰ ਨਾ ਕਰਦਿਆਂ ਕੇਵਲ ਇਸਨੂੰ ਇਸਦੇ ਵਿਵਹਾਰ ਦੀ ਤੁਲਨਾ ਵਿਚ ਵਿਸ਼ਲੇਸ਼ਿਤ ਕਰਨ ਦਾ ਯਤਨ ਕਰਾਂਗੇ। ਵਰਤਮਾਨ ਸਮੇਂ ਭਾਵੇਂ ਸਿਖ ਜਗਤ ਵਿਚ ਗੁਰਮਤਿ ਸੰਗੀਤ ਦੀ ਵੱਖਰੀ ਪਹਿਚਾਣ ਦੀ ਵਿਸ਼ੇਸ਼ ਜਾਗ੍ਰਤੀ ਉਜਾਗਰ ਹੋਈ ਹੈ ਪ੍ਰੰਤੂ ਇਸਦੇ ਨਾਲ ਹੀ ਇਸ ਪਰੰਪਰਾ

ਨੂੰ ਨਿੱਜੀ ਅਤੇ ਭਿੰਨ ਭਿੰਨ ਦ੍ਰਿਸ਼ਟੀਕੋਣਾਂ ਤੋਂ ਨਿਰਖਣ ਪਰਖਣ ਅਤੇ ਵਿਸ਼ਲੇਸ਼ਿਤ ਕਰਨ ਦੇ ਯਤਨ ਵੀ ਕੀਤੇ ਜਾ ਰਹੇ ਹਨ। ਅਜਿਹਾ ਰੁਝਾਨ ਇਸਦੇ ਗਾਇਨ ਖੇਤਰ ਵਿਚ ਹੀ ਹੈ। ਸਾਧਾਰਣ ਸਿਖ ਸੰਗਤ ਸ਼ਬਦ-ਕੀਰਤਨ ਨੂੰ ਆਪਣੀ ਮਨ ਮਰਜ਼ੀ ਨਾਲ ਗਾਉਣ ਨੂੰ ਹੀ ਕੀਰਤਨ ਆਖਦੀ ਹੈ। ਇਨ੍ਹਾਂ ਦੇ ਗਾਇਨ ਵਿਚ ਸ਼ਰਧਾ ਦਾ ਭਾਵ ਇੰਨ੍ਹਾਂ ਵਧੇਰੇ ਹੁੰਦਾ ਹੈ ਕਿ ਇਨ੍ਹਾਂ ਦੀ ਸ਼ਰਧਾ ਪ੍ਰਤੀ ਸਿਰ ਝੁਕਾਉਣਾ ਹੀ ਬਣਦਾ ਹੈ। ਕੁਝ ਅਸਿਖਿਅਤ ਰਾਗੀ ਪ੍ਰਚਲਿਤ ਲੋਕ ਪ੍ਰਿਯ ਧੁਨਾਂ ਤੇ ਸੰਗੀਤ ਪ੍ਰਭਾਵੀ ਨੂੰ ਗ੍ਰਹਿਣ ਕਰਦੇ ਹੋਏ ਸਮੇਂ ਸਮੇਂ ਤੇ ਨਿਜੀ ਸੁਵਿਧਾ ਅਤੇ ਲੋਕ ਪ੍ਰਿਯਤਾ ਦੀ ਲਾਲਸਾ ਵਿਚ ਇਸ ਕੀਰਤਨ ਪਰੰਪਰਾ ਵਿਚ ਪਰਿਵਰਤਨ ਕਰਦੇ ਆਏ ਹਨ। ਇਹ ਕੀਰਤਨ ਪਰਿਵਰਤਨ ਇਸ ਪਰੰਪਰਾ ਦੇ ਵਿਕਾਸ ਤੋਂ ਸਾਡੇ ਸਾਹਮਣੇ ਸਪਸ਼ਟ ਹੈ।

ਸੰਗੀਤ ਦੇ ਗਿਆਤਾ ਅਤੇ ਸਿਖਿਅਤ ਕੀਰਤਨੀਆਂ ਵਿਚੋਂ ਕੁੱਝ ਸਮੇਂ ਅਨੁਸਾਰ ਪਰਿਵਰਤਿਤ ਹੁੰਦੇ ਰਹੇ ਹਨ ਅਤੇ ਕੁੱਝ ਆਪਣੇ ਸਥਾਨ ਤੇ ਦ੍ਰਿੜ ਹੁੰਦਿਆਂ ਰਾਗਾਤਮਕ ਕੀਰਤਨ ਨੂੰ ਆਪਣਾ ਜੀਵਨ ਆਧਾਰ ਤੇ ਉਦੇਸ਼ ਬਣਾ ਬੈਠੇ ਹਨ। ਉਪਰ ਵਰਣਿਤ ਸਭੇ ਕੀਰਤਨ ਰੁਝਾਨ ਕਿਤੇ ਨਾ ਕਿਤੇ ਗੁਰਮਤਿ ਨਾਲੋਂ ਜਰੂਰ ਵਿਛੜ ਜਾਂਦੇ ਹਨ। ਇਹ ਵਿਛੋੜਾ ਅਤੇ ਨਿਖੇੜਾ ਸੰਗੀਤਕ ਆਧਾਰ ਤੇ ਨਹੀਂ ਪਰਖਿਆ ਜਾ ਸਕਦਾ ਸਗੋਂ ਇਸ ਦਾ ਆਧਾਰ ਗੁਰਮਤਿ ਹੈ ਭਾਵ ਗੁਰਮਤਿ ਸੰਗੀਤ ਦੀ ਬੁਨਿਆਦੀ ਨਿਸ਼ਚਿਤ ਸਿਧਾਂਤਕ ਅਤੇ ਵਿਵਹਾਰਕ ਪਰੰਪਰਾ ਨੂੰ ਆਧਾਰ ਬਣਾ ਕੇ ਹੀ ਉਕਤ ਵਰਣਿਤ ਰੁਝਾਨਾਂ ਦਾ ਵਿਸ਼ਲੇਸ਼ਣ ਹੋ ਸਕਦਾ ਹੈ। ਸੰਖੇਪ ਵਿਚ ਗਲ ਕਰੀਏ ਤਾਂ ਗੁਰਮਤਿ ਸੰਗੀਤ ਪ੍ਰਤੀ ਸੁਗਮ ਸੰਗੀਤਕ ਦ੍ਰਿਸ਼ਟੀਕੋਣ ਆਪਣੇ ਆਪ ਵਿਚ ਪੂਰਨ ਤੌਰ ਤੇ ਸੰਪੂਰਨ ਜਾਂ ਗੁਰਮਤਿ ਦੇ ਅਨੁਸਾਰੀ ਨਹੀਂ ਕਹੇ ਜਾ ਸਕਦੇ ਸਗੋਂ ਸ਼ਬਦ ਪ੍ਰਧਾਨ ਰਾਗਾਤਮਕ ਕੀਰਤਨ ਹੀ ਸਹੀ ਅਤੇ ਸ਼ੁੱਧ ਮੰਨਿਆ ਜਾ ਸਕਦਾ ਹੈ। ਗੁਰਮਤਿ ਸੰਗੀਤ ਵਿਚ ਰਾਗ ਕਿਸੇ ਕਲਾਸਕੀ ਰੌਗ ਦੀ ਪ੍ਰਸਤੁਤੀ ਨਹੀਂ ਸਗੋਂ ਰਾਗ ਤਾਂ ਇਕ ਮਾਧਿਅਮ ਹੈ ਅਤੇ ਮਾਧਿਅਮ ਨੂੰ ਨਿਸ਼ਚਿਤ ਕਰਨ ਲਈ ਗੁਰੂ ਸਾਹਿਬ ਨੇ ਬਾਣੀ ਉਪਰ ਅੰਕਿਤ ਕਰਕੇ ਸਾਨੂੰ ਇਸਦੀ ਸ਼ਕਤੀ ਅਤੇ ਸਮਰਥਾ ਦਾ ਸਦਉਪਯੋਗ ਕਰਨ ਦਾ ਆਦੇਸ਼ ਦਿੱਤਾ ਹੈ। ਬਾਣੀ ਵਿਚ ਆਏ ਰਾਗ ਸੰਬੰਧੀ ਫੁਰਮਾਨਾਂ ਤੋਂ ਰਾਗ ਦਾ ਮਹੱਤਵ, ਰਾਗ ਦਾ ਪ੍ਰਯੋਗ ਅਤੇ ਰਾਗ ਦਾ ਉਦੇਸ਼ ਸਪਸ਼ਟ ਹੋ ਜਾਂਦਾ ਹੈ।

—ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥[4]
—ਰਾਗਿ ਨਾਦਿ ਮਨੁ ਦੂਜੈ ਭਾਇ ॥ ਅੰਤਰਿ ਕਪਟੁ ਮਹਾ ਦੁਖੁ ਪਾਇ ॥[5]
—ਓਅੰਕਾਰਿ ਏਕੁ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥[6]
—ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥[7]

ਕੇਵਲ ਰਾਗ ਹੀ ਨਹੀਂ ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਪੱਧਤੀ ਲਈ ਹੋਰ ਵੀ ਸੰਕੇਤ ਦਿਤੇ ਗਏ ਹਨ ਜਿਵੇਂ ਰਹਾਉ (ਸਥਾਈ) ਅੰਕ (ਅੰਤਰਿਆਂ ਦੀ ਵੰਡ ਦਾ ਨਿਸ਼ਚਿਤ ਆਧਾਰ) ਕਾਵਿ ਰੂਪ/ਗਾਇਨ ਸ਼ੈਲੀ ਆਦਿ । ਗੁਰਮਤਿ ਸੰਗੀਤ ਵਿਚ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦੋਹਾਂ ਦੇ ਪ੍ਰਤੀਨਿਧ ਗਾਇਨ ਰੂਪਾਂ ਦਾ ਇਸਤੇਮਾਲ ਕੀਤਾ ਗਿਆ ਹੈ। ਇਸ ਪਰੰਪਰਾ ਵਿਚ ਸਨਾਤਨੀ ਰੂਪਾਂ ਨੂੰ ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਰਖਦਿਆਂ ਇਨ੍ਹਾਂ ਦੀ ਕੱਟੜਤਾ ਨੂੰ ਅਤੇ ਕਰੜੀ ਅਨੁਸ਼ਾਸਨ ਬੱਧਤਾ ਨੂੰ ਸਹਿਜ ਦਾ ਧਾਰਣੀ ਬਣਾਇਆ ਗਿਆ ਹੈ। ਇਸ ਤਰ੍ਹਾਂ ਲੋਕ ਗਾਇਨ ਰੂਪਾਂ ਦੀ ਆਪ ਮੁਹਾਰੀ ਖੁੱਲ੍ਹ ਨੂੰ ਗੁਰਮਤਿ ਸੰਗੀਤ ਦਾ ਅੰਕੁਸ਼ ਲਗਾ ਕੇ ਨਿਸ਼ਚਿਤ ਸਰੂਪ ਦਿੱਤਾ ਗਿਆ। ਗੁਰਮਤਿ ਸੰਗੀਤ ਦੇ ਪ੍ਰਬੰਧ ਦਾ ਮੂਲ ਅਤੇ ਕੇਂਦਰੀ ਨੁਕਤਾ ਸਹਿਜ ਹੈ। ਇਹ ਸਹਿਜ ਸਮੁੱਚੀ ਗਾਇਨ ਪ੍ਰਸਤੁਤੀ ਦਾ ਬੁਨਿਆਦੀ ਲੱਛਣ ਹੈ। ਬਾਣੀ ਦਾ ਕਥਨ ਹੈ :

—ਇਕਿ ਗਾਵਤ ਰਹੇ ਮਨਿ ਸਾਦੁ ਨਾ ਪਾਇ ॥
ਹਉਮੈ ਵਿਚ ਗਾਵਹਿ ਬਿਰਥਾ ਜਾਇ ॥[8]

—ਆਪਿ ਗਾਵਾਏ ਸੁ ਹਰਿ ਗੁਨ ਗਾਉ ॥[9]

—ਸਹਜੇ ਗਾਵਿਆ ਥਾਇ ਪਵੈ ਬਿਨੁ ਸਹਿਜੈ ਕਥਨੀ ਬਾਦਿ ॥[10]

ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਗਾਇਨ ਪ੍ਰਸਤੁਤੀ ਵਿਚ ਕਲਾ ਦੇ ਅਡੰਬਰ, ਆਕਰਸ਼ਣ ਅਤੇ ਪ੍ਰਲੋਭਨ ਦਾ ਤਿਆਗ ਬੁਨਿਆਦੀ ਤੌਰ ਤੇ ਮਹੱਤਵਪੂਰਨ ਹੈ। ਗੁਰਮਤਿ ਸੰਗੀਤ ਦੀ ਕਿਸੇ ਵੀ ਸ਼ਬਦ ਕੀਰਤਨ ਪ੍ਰਸਤੁਤੀ ਵਿਚ ਜਦੋਂ-ਜਦੋਂ ਸ਼ਬਦ ਦੀ ਬਜਾਏ ਰਾਗ/ਗਾਇਨ ਦਾ ਕਲਾਤਮਕ ਪੱਖ ਪ੍ਰਧਾਨ ਭਾਵੀ ਹੋਵੇਗਾ ਤਦੋਂ ਹੀ ਗੁਰਮਤਿ ਸੰਗੀਤ ਦੀ ਇਹ ਪ੍ਰਸਤੁਤੀ ਆਪਣੇ ਲਕਸ਼ ਨਾਲੋਂ ਵਿਛੜ ਜਾਵੇਗੀ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਸੰਬੰਧੀ ਹੋ ਰਹੇ ਉਚੇਚੇ ਯਤਨਾਂ ਵਿਚ ਬੁਨਿਆਦੀ ਉਦੇਸ਼ ਦੇ ਮਹੱਤਵ ਨੂੰ ਜ਼ਰੂਰ ਧਿਆਨ ਗੋਚਰੇ ਰਖਣਾ ਹੋਵੇਗਾ।

---

### ਫੁੱਟ ਨੋਟ ਤੇ ਹਵਾਲੇ


1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 418 ਚੌਥੀ ਐਡੀਸ਼ਨ, 1981
2. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ-ਭਾਗ ਪਹਿਲਾ, ਪੰਨਾ 395
   ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਅਕਤੂਬਰ, 1981
3. ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 289
   ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, 1983
4. ਮਹਲਾ 4, ਆਦਿ ਗ੍ਰੰਥ, ਪੰਨਾ, 1423.
5. ਪ੍ਰਭਾਤੀ ਮਹਲਾ 1,—ਆਦਿ ਗ੍ਰੰਥ, ਪੰਨਾ, 1342.
6. ਰਾਮਕਲੀ ਮਹਲਾ 5,—ਉਹੀ—, ਪੰਨਾ 885
7. ਵਾਰ ਰਾਮਕਲੀ ਮਹਲਾ 4, —ਉਹੀ—, ਪੰਨਾ 958
8. ਗਉੜੀ ਗੁਆਰੇਰੀ ਮਹਲਾ 3, —ਉਹੀ—, ਪੰਨਾ 158
9. ਗਉੜੀ ਸੁਖਮਨੀ ਮ: 5, ਅਸ਼ਟਪਦੀ 6,—ਉਹੀ—, ਪੰਨਾ 270
10. ਸਿਰੀ ਰਾਗ ਮ: 3,—ਉਹੀ—, ਪੰਨਾ 68:

# From the desk of Spiritual Seekers

If one has to understand Sri Guru Granth Sahib, one has to only read the Slok and Ist Pauri of Jap Ji, and Sloks of 9th Guru and follow them rigidly. By doing so one will become similiar to what Guru's expect one to become. To see the Lord, one has to sincerely and honestly be have like Him in this world of Action.

"HUKUM RAJAI CHALNNA" Besides accepting what one comes across as will of God, One has to base his life on Truth, Compassion, Contentment, Justice, Humility, Patience, Service, Faith, Forgiveness & Sweet Soothing words from the mouth and behave in the world as a passer by and not be a part of it bv involvement. One has to treate every one as equal and see God in His creation. (KHALAK in KHALIK KHALIK in KHALAK)

One has ro get rid of Desvies & Lust. Anger, Greed, Moh and Pride along with Ego (I ness and my ness).

One has to repeat the Guru given word (Mantra) to keep one's mind from wandering. —MOHAN S. ADVANI U.S A.

# ਪ੍ਰੋ. ਭਾਈ ਬਲਬੀਰ ਸਿੰਘ 'ਨੀਲਮ'

ਤ੍ਰਿਲੋਚਨ ਪਠਲਾਣਾ

ਦੁਆਬੇ ਦੇ ਇਲਾਕੇ ਵਿਚ ਅਨੇਕਾਂ ਰਾਗੀ ਹੋਏ ਪਰ ਹਾਂ ! ਰਾਗ ਵਿਦਿਆ ਬਾਰੇ ਜਾਣਕਾਰੀ ਰੱਖਣ ਵਾਲੇ ਪ੍ਰੋ. ਬਲਬੀਰ ਸਿੰਘ 'ਨੀਲਮ' ਦੁਆਬੇ ਦੇ ਮਾਣ ਹਨ। ਪ੍ਰੋ. ਨੀਲਮ ਦਾ ਜਨਮ ਸ੍ਰੀ ਉਧਮ ਸਿੰਘ ਜੋ ਸੰਗੀਤ ਦੇ ਵਿਦਵਾਨ ਸਨ, ਦੇ ਘਰ ਨਵਾਂ ਸ਼ਹਿਰ ਵਿਚ ਹੋਇਆ। ਸੰਗੀਤ ਵਿਦਿਆ ਉਨ੍ਹਾਂ ਨੂੰ ਵਿਰਸੇ ਵਿਚੋਂ ਮਿਲੀ ਪਰ ਕੁਝ ਕੁ ਸੰਗੀਤ ਵਿਦਿਆ ਪ੍ਰੋ ਅਯੁਧਿਆ ਪ੍ਰਕਾਸ਼ ਪਾਠਕ ਤੋਂ ਵੀ ਹਾਸਲ ਕੀਤੀ। ਅਜੇ ਨੀਲਮ ਜੀ ਦੀ ਉਮਰ 22 ਕੁ ਵਰ੍ਹਿਆਂ ਦੀ ਹੀ ਸੀ ਜਦੋਂ ਜਲੰਧਰ ਜ਼ਿਲੇ ਦੇ ਪਿੰਡ ਸੌਨਾ ਦੀ ਹਰਬੰਸ ਕੌਰ ਉਨ੍ਹਾਂ ਨਾਲ ਵਿਆਹੀ ਗਈ। ਪੜ੍ਹਾਈ ਦੇ ਨਾਲ ਪ੍ਰੋ. ਨੀਲਮ ਨੇ ਸੰਗੀਤ ਦਾ ਰਿਆਜ਼ ਵੀ ਰੱਜ ਕੇ ਕੀਤਾ। 15 ਸਾਲ ਦੀ ਉਮਰ 'ਚ ਪਹਿਲੀ ਵਾਰ ਪ੍ਰੋ, ਨੀਲਮ ਨੇ ਗੁਰਦੁਆਰਾ ਸਿੰਘ ਸਭਾ ਨਵਾਂ ਸ਼ਹਿਰ ਵਿਚ ਕੀਰਤਨ ਕੀਤਾ। ਫਿਰ ਕੀ ਸੀ ਸੁਰੀਲੀ ਅਵਾਜ਼ ਸਦਕਾ ਅੱਜ ਪ੍ਰੋ ਨੀਲਮ ਕੀਰਤਨ ਕਰਦੇ ਸਮੇਂ ਸਰੋਤਿਆਂ ਨੂੰ ਕੀਲ ਕੇ ਬਿਠਾ ਦਿੰਦੇ ਹਨ।

1980 ਵਿਚ ਪ੍ਰੋ. ਨੀਲਮ ਨੇ ਤਬਲਾ ਮਾਸਟਰ ਦੀ ਡਿਗਰੀ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਹਾਸਲ ਕਰਕੇ ਯੂਨੀਵਰਸਿਟੀ ਵਿਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਗਾਉਣ ਦੀ ਵਿਦਿਆ ਵੀ ਇਸੇ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਪ੍ਰੋ ਲਛਮਣ ਸਿੰਘ ਸੀਨ ਜਲੰਧਰ ਵਾਲੇ ਅਤੇ ਸ੍ਰੀ ਆਤਮ ਪ੍ਰਕਾਸ਼ ਪਟਿਆਲੇ ਵਾਲਿਆਂ ਨੂੰ ਪ੍ਰੋ ਨੀਲਮ ਆਪਣੇ ਉਸਤਾਦਾਂ ਦੀ ਲਾਇਨ ਵਿਚ ਖੜ੍ਹਾ ਕਰਦੇ ਹਨ।

1967 ਤੋਂ ਲੈ ਕੇ ਹੁਣ ਤਕ ਪ੍ਰੋ. ਨੀਲਮ ਬੀ. ਐਲ. ਐਮ. ਗਰਲਜ਼ ਕਾਲਜ ਨਵਾਂ ਸ਼ਹਿਰ ਵਿਚ ਐਮ. ਡੀ. ਸੰਗੀਤ ਵਿਭਾਗ ਦੇ ਤੌਰ 'ਤੇ ਕੰਮ ਕਰ ਰਹੇ ਹਨ। ਇਕ ਵਾਰ 26 ਜਨਵਰੀ ਨੂੰ ਸ੍ਰੀਮਤੀ ਸੁਜਾਤਾ ਭਾਰਦਵਾਜ ਐਸ. ਡੀ. ਐਮ. ਨਵਾਂ ਸ਼ਹਿਰ ਨੇ ਪ੍ਰੋ. ਨੀਲਮ ਨੂੰ ਸਨਮਾਨਿਤ ਕੀਤਾ ਤੇ ਉਸ ਮਗਰੋਂ ਜੰਗ ਸ੍ਰੀ ਬਹਾਦਰ ਗੋਇਲ ਐਸ. ਡੀ. ਐਮ. ਨੇ ਵੀ ਸਨਮਾਨਿਤ ਕੀਤਾ। 1985 ਵਿਚ ਜਥੇ ਸਮੇਤ ਸਾਊਥ ਹਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਇੰਗਲੈਂਡ ਜਾ ਕੇ ਵਿਦੇਸ਼ੀ ਪੰਜਾਬੀਆਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਮੌਜੂਦਾ ਰਾਗੀ ਜਥੇ ਵਿਚ ਤਬਲੇ ਤੇ ਪ੍ਰੋ. ਨੀਲਮ ਦਾ ਲੜਕਾ ਇੰਦਰਜੀਤ ਸਿੰਘ ਤੇ ਹਰਮੋਨੀਅਮ ਤੇ ਗਿਆਨੀ ਜਰਨੈਲ ਸਿੰਘ ਮੀਰਪੁਰ ਜੱਟਾਂ ਸਾਥ ਦੇ ਰਹੇ ਹਨ। ਨਵਾਂ ਸ਼ਹਿਰ ਵਿਚ 'ਨੀਲਮ ਸੰਗੀਤ ਵਿਦਿਆਲਾ' ਖੋਲ੍ਹ ਛੱਡਿਆ ਹੈ ਜਿੱਥੇ ਹਰ ਸਾਲ ਅਨੇਕਾਂ ਨੌਜਵਾਨ ਸੰਗੀਤ ਦੀ ਤਾਲੀਮ ਹਾਸਲ ਕਰਕੇ ਆਪਣਾ ਉਸਤਾਦ ਪ੍ਰੋ. ਨੀਲਮ ਨੂੰ ਧਾਰਦੇ ਹਨ।

ਪ੍ਰੋ. ਨੀਲਮ ਨੇ ਬਾਣੀ ਤੇ ਰਾਗ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਾਣੀ ਤੇ ਰਾਗ ਲਈ ਲੰਮਾਂ ਸਮਾਂ ਮਿਹਨਤ ਕਰਨੀ ਪੈਂਦੀ ਹੈ। ਪਰ ਬਹੁਤੇ ਰਾਗੀ ਸ਼ਬਦ ਤੇ ਰਸ ਦਾ ਧਿਆਨ ਨਹੀਂ ਰੱਖਦੇ। ਰਾਗਾਂ ਵਿਚ ਕੀਰਤਨ ਕਰਨਾ ਵੀ ਮੁਸ਼ਕਲ ਹੈ ਤੇ ਸੁਣਨਾ ਵੀ। ਪਰ ਪ੍ਰੋ. ਨੀਲਮ ਇਸ ਸਮੇਂ ਇਕ ਚੰਗੇ ਕੀਰਤਨੀਏ ਤਾਂ ਹੈ ਹੀ ਨਾਲ ਦੀ ਨਾਲ ਉਹ ਕਾਲਜ ਦੀ ਕਲਚਰ ਸੁਸਾਇਟੀ ਦੇ, ਪੰਜਾਬ ਵੈਲਫੇਅਰ ਕਮੇਟੀ ਦੇ ਮੈਂਬਰ, ਬਾਬਾ ਹਿੰਮਤ ਸਿੰਘ ਕਤਕ ਰਾਜਪੂਤ ਸਭਾ ਰਜਿ. ਨਵਾਂ ਸ਼ਹਿਰ ਦੇ ਪ੍ਰਧਾਨ, ਫਿਜ਼ੀਕਲ ਹੈਂਡੀਕੈਪਟ ਯੂਨੀਅਨ ਅਤੇ ਸੁਖਮਨੀ ਸੇਵਾ ਸੁਸਾਇਟੀ ਨਵਾਂ ਸ਼ਹਿਰ ਦੇ ਸਲਾਹਕਾਰ ਹਨ।

# ਭਾਈ ਸਾਹਿਬ ਤਰਲੋਚਨ ਸਿੰਘ

ਭਾਈ ਸਾਹਿਬ ਤਰਲੋਚਨ ਸਿੰਘ, ਉਨ੍ਹਾਂ ਕੁਝ ਕੁ ਉਂਗਲੀਆਂ 'ਤੇ ਗਿਣੇ ਜਾ ਸਕਣ ਵਾਲੇ ਕੀਰਤਨੀਆਂ ਵਿਚੋਂ ਹਨ, ਜਿਨ੍ਹਾਂ ਦੀ ਆਵਾਜ਼ ਵਿਚ ਰਸ ਹੈ, ਪਿਆਰ ਹੈ ਅਤੇ ਖਿੱਚ ਵੀ। ਉਹ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਦਿਆਲ ਸਿੰਘ ਦੇ ਸਪੁੱਤਰ ਹਨ। 1942 ਵਿਚ ਆਪ ਨੇ ਉਨ੍ਹਾਂ ਨਾਲ ਹੀ ਗੁਰਬਾਣੀ ਦਾ ਕੀਰਤਨ ਕਰਨਾ ਆਰੰਭ ਕਰ ਦਿੱਤਾ ਸੀ ਤੇ ਦਸੰਬਰ 1955 ਤਕ ਆਪ ਉਨ੍ਹਾਂ ਨਾਲ ਹੀ ਕੀਰਤਨ ਕਰਦੇ ਰਹੇ।

ਭਾਈ ਦਿਆਲ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਭਾਈ ਤਰਲੋਚਨ ਸਿੰਘ ਨੇ ਆਪਣੇ ਭਰਾਵਾਂ ਭਾਈ ਸਾਹਿਬ ਕਰਤਾਰ ਸਿੰਘ ਅਤੇ ਭਾਈ ਸਾਹਿਬ ਮਨਮੋਹਨ ਸਿੰਘ ਦੇ ਨਾਲ ਮਿਲ ਕੇ ਕੀਰਤਨ ਕਰਨਾ ਜਾਰੀ ਰੱਖਿਆ। ਮਈ 1967 ਤਕ ਆਪ ਸੁਤੰਤਰ ਰੂਪ ਵਿਚ ਕੀਰਤਨ ਕਰਦੇ ਰਹੇ। ਮਈ 1967 ਵਿਚ ਆਪ ਦਿੱਲੀ ਗੁਰਦੁਆਰਾ ਕਮੇਟੀ ਦੀ ਸੇਵਾ ਵਿਚ ਆਏ ਤੇ ਤਦ ਤੋਂ ਇਥੇ ਹੀ ਕੀਰਤਨ ਦੀ ਸੇਵਾ ਨਿਭਾ ਰਹੇ ਹਨ।

ਆਪ ਪਾਸੋਂ ਕੀਰਤਨ ਸਰਵਣ ਕਰਨ ਦੀ ਸੰਗਤਾਂ ਦੀ ਜੋ ਤੀਬਰ ਇੱਛਾ ਹੈ, ਉਸ ਦਾ ਪਤਾ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਲਗਾਤਾਰ ਮਿਲਦੇ ਰਹਿੰਦੇ ਸੱਦਿਆਂ ਤੋਂ ਲੱਗ ਜਾਂਦਾ ਹੈ। ਇਸੇ ਕਾਰਣ ਆਪ ਨਾ ਕੇਵਲ ਸਾਰੇ ਦੇਸ਼ ਦੀ ਕਈ ਵਾਰ ਯਾਤਰਾ ਕਰ ਚੁੱਕੇ ਹਨ ਸਗੋਂ ਸਿੰਗਾਪੁਰ, ਮਲੇਸ਼ੀਆ ਅਤੇ ਥਾਈਲੈਂਡ ਆਦਿ ਦੂਰ ਦੇ ਦੇਸ਼ਾਂ ਦੀਆਂ ਯਾਤਰਾਵਾਂ ਵੀ ਕਰ ਚੁੱਕੇ ਹਨ।

ਜਪੁਜੀ ਸਾਹਿਬ, ਅਨੰਦ ਸਾਹਿਬ, ਸੁਖਮਨੀ ਸਾਹਿਬ, ਰਹਿਰਾਸ ਸਾਹਿਬ ਅਤੇ ਹੋਰ ਸ਼ਬਦਾਂ ਦੀਆਂ ਲਗਭਗ 30 ਟੇਪਾਂ ਆਪ ਦੀ ਆਵਾਜ਼ ਵਿਚ ਰਿਕਾਰਡ ਕੀਤੀਆਂ ਗਈਆਂ ਹਨ ਜੋ ਬਹੁਤ ਹੀ ਹਰਮਨ ਪਿਆਰੀਆਂ ਹੋ ਰਹੀਆਂ ਹਨ। ਜਲੰਧਰ ਤੇ ਦਿੱਲੀ ਅਕਾਸ਼-ਬਾਣੀ ਅਤੇ ਦੂਰਦਰਸ਼ਨ ਤੋਂ ਤਾਂ ਸੰਗਤਾਂ ਆਪ ਦੀ ਆਵਾਜ਼ ਵਿਚ ਗੁਰਬਾਣੀ ਦੇ ਕੀਰਤਨ ਦਾ ਸਮੇਂ ਸਮੇਂ ਅਨੰਦ ਮਾਣਦੀਆਂ ਹੀ ਰਹਿੰਦੀਆਂ ਹਨ। —ਜਸਵੰਤ ਸਿੰਘ ਅਜੀਤ

# ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ

—ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਰਾਗ ਦੇਵਗੰਧਾਰੀ :

ਇਸ ਰਾਗ ਵਿਚ ਕੇਵਲ ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਪਦੇ ਹੀ ਦਰਜ ਹਨ। ਇਨ੍ਹਾਂ ਪਦਿਆਂ ਵਿੱਚ ਪ੍ਰਮਾਤਮਾ ਨਾਲ ਮਿਲਾਪ, ਉਸਦੇ ਗੁਣ ਗਾਉਣ ਅਤੇ ਉਪਦੇਸ਼ਮਈ ਭਾਵ ਪ੍ਰਗਟ ਕੀਤੇ ਗਏ ਹਨ। ਕਿਤੇ ਕਿਤੇ ਸਵੈਂਪੜਚੋਲ ਵੀ ਕੀਤੀ ਗਈ ਹੈ।

ਪ੍ਰਮਾਤਮਾ ਦੇ ਮਿਲਾਪ ਨਾਲ ਸਬੰਧਿਤ......

ਮੇਰੋ ਸੁੰਦਰੁ ਕਹੁ ਮਿਲੈ ਕਿਤੁ ਗਲੀ।[1]

ਸੋ ਪ੍ਰਭ ਜਤ ਕਤ ਪੇਖਿਓ ਨੈਣੀ।[2]

ਮੀਤਾ ਐਸੋ ਹਰਿ ਜੀਉ ਪਾਏ।
ਛੋਡਿ ਨ ਜਾਈ ਸਦ ਹੀ ਸੰਗੇ ਅਨਦਿਨ ਗੁਰ ਮਿਲਿ ਗਾਏ।[3]

ਉਪਦੇਸ਼ਮਈ ਪਦਿਆਂ ਵਿਚ ਮੁਖਹੁ ਹਰਿ ਹਰਿ ਬੋਲਣ[4] ਅਤੇ ਗੁਰੂ ਚਰਣੀ ਚਿਤ ਲਾਉਣ,[5] ਲਈ ਪ੍ਰੇਰਿਆ ਗਿਆ ਹੈ :

ਮਨ ਕਹ ਅਹੰਕਾਰਿ ਅਫਾਰਾ।
ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ।[6]

ਚੰਚਲੁ ਸੁਪਨੈ ਹੀ ਉਰਝਾਇਓ।[7]

ਯਹ ਮਨੁ ਨੈਕ ਨ ਕਹਿਓ ਕਰੈ।[8]

ਪ੍ਰਮਾਤਮਾ ਦੇ ਗੁਣ ਗਾਉਣ ਵਾਲੇ ਪ੍ਰਤੀ ਸ਼ਰਧਾ ਪ੍ਰਗਟ ਕਰਦਿਆਂ ਕਿਹਾ ਹੈ :

ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ।[9]
ਮਾਈ ਜੋ ਪ੍ਰਭ ਕੇ ਗੁਨ ਗਾਵੈ।
ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ।[10]

ਇਸ ਤਰ੍ਹਾਂ ਇਸ ਰਾਗ ਵਿਚ ਕਰੁਣਾ ਜਾ ਸ਼ਿੰਗਾਰ ਆਦਿ ਦੇ ਭਾਵਾਂ ਦਾ ਅਭਾਵ ਹੈ। ਇਸ ਰਾਗ ਵਿਚ ਬਹੁਤੇ ਗੰਭੀਰ ਭਾਵਾਂ ਦਾ ਪ੍ਰਗਟਾਵਾ ਨਹੀਂ ਹੋ ਸਕਦਾ ਕਿਉਂਕਿ ਇਸ ਰਾਗ ਦੀ ਤਾਸੀਰ ਖੁਸ਼ੀ ਵਾਲੀ ਦੱਸੀ ਗਈ ਹੈ।[11] ਭਾਵੇਂ ਇਸ ਰਾਗ ਵਿਚ ਮਧਮ ਸਥਾਈ ਸੁਰ ਹੈ ਪਰ ਰਾਗ ਵਿੱਚ ਸ਼ਿੰਗਾਰ ਰਸ ਵਾਲੀ ਚੰਚਲਤਾ ਦਾ ਪ੍ਰਗਟਾਵਾ ਵੀ

ਨਹੀਂ ਹੋਇਆ। ਕਿਉਂਕਿ ਇਸ ਰਾਗ ਵਿਚ ਕੋਮਲ ਗੰਧਾਰ ਅਤੇ ਕੋਮਲ ਨਿਸ਼ਾਦ[12] ਵੀ ਪ੍ਰਯੋਗ ਕੀਤੇ ਗਏ ਹਨ। ਇਸ ਲਈ ਇਹ ਰਾਗ ਵੀਰ ਰਸੀ ਭਾਵਾਂ ਦਾ ਪ੍ਰਗਟਾਵਾ ਕਰ ਸਕਦਾ ਹੈ। ਪਰ ਇਸ ਰਾਗ ਵਿਚ ਰੇ ਧਾ ਤੀਬਰ ਪ੍ਰਯੋਗ ਹੁੰਦੇ ਹਨ। ਇਸ ਲਈ ਇਸ ਵਿੱਚ ਸ਼ਿੰਗਾਰਕ ਭਾਵਾਂ ਦਾ ਪ੍ਰਗਟਾਵਾ ਵੀ ਹੋ ਸਕਦਾ ਹੈ।[13] ਸੋ ਸਮੁੱਚੇ ਰੂਪ ਵਿਚ ਇਹ ਰਾਗ ਕਿਸੇ ਖਾਸ ਇੱਕ ਰਾਗ ਨਾਲ ਸੰਬਧੰਤ ਨਹੀਂ ਕੀਤਾ ਜਾ ਸਕਦਾ। ਇਸ ਲਈ ਗੁਰੂ ਕਵੀਆਂ ਰਾਹੀ ਇਸ ਰਾਗ ਦੀ ਬਾਣੀ ਵਿੱਚ ਪ੍ਰਗਟਾਏ ਭਾਵ ਅਸਾਨੀ ਨਾਲ ਇਸ ਰਾਗ ਨਾਲ ਸੰਬੰਧਤ ਕੀਤੇ ਜਾ ਸਕਦੇ ਹਨ।

ਰਾਗ ਬਿਹਾਗੜਾ

ਇਸ ਰਾਗ ਵਿਚ ਪ੍ਰਮਾਤਮਾ ਨਾਲ ਮਿਲਾਪ ਅਤੇ ਵਿਛੋੜੇ ਦੇ ਭਾਵ ਭਾਵੁਕ ਪੱਧਰ ਤੇ ਬਿਆਨ ਕੀਤੇ ਗਏ ਹਨ। ਵਿਛੋੜੇ ਦੇ ਭਾਵ ਵਾਲੇ ਕਾਵਿ ਬੰਦਾਂ ਵਿਚ ਮਿਲਾਪ ਲਈ ਤਾਂਘ ਦਾ ਪ੍ਰਗਟਾਵਾ ਹੋਇਆ ਹੈ :

ਕਰ ਕਿਰਪਾ ਪ੍ਰਭਾ ਆਇ ਮਿਲੁ ਮੇਰੀ ਜਿੰਦੜੀਏ,
ਗੁਰਮਤਿ ਨਾਮੁ ਪਰਗਾਸੇ ਰਾਮ।
ਹਉ ਹਰਿ ਬਾਝੂ ਉਡੀਣੀਆ ਮੇਰੀ ਜਿੰਦੜੀਏ
ਜਿਉ ਜਲ ਬਿਨੁ ਕਮਲ ਉਦਾਸੇ ਰਾਮ।[14]

ਇਸੇ ਤਰਾਂ ਗੁਰੂ ਅਰਜਨ ਦੇਵ ਜੀ[15] ਨੇ ਪ੍ਰਭੂ ਦਰਸ ਲਈ ਤਾਂਘ ਦਾ ਪ੍ਰਗਟਾਵਾ ਕੀਤਾ ਹੈ।

ਇਸ ਰਾਗ ਦੀ ਬਾਣੀ ਵਿੱਚ ਮਿਲਾਪ ਦੀ ਖੁਸ਼ੀ ਦਾ ਵੀ ਭਰਪੂਰ ਵਰਣਨ ਕੀਤਾ ਹੈ :

ਸੰਤਨ ਕੇ ਪਰਸਾਦਿ ਹਰਿ, ਹਰਿ ਪਾਇਆ ਰਾਮ
ਇਛ ਪੁੰਨੀ ਮਨਿ ਸ਼ਾਂਤ ਤਪਤਿ ਬੁਝਾਇਆ ਰਾਮ।[16]

ਤਿਤ ਗ੍ਰਿਹਿ ਸੋਹਿਲੜੇ ਕੋਡ ਅਨੰਦਾ।
ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ।[17]

ਸੋ ਦਿਨੁ ਸਫਲੁ ਗਣਿਆ ਹਰਿ ਪ੍ਰਭੂ ਮਿਲਾਇਆ ਰਾਮ।
ਸਭਿ ਸੁਖ ਪਰਗਟਿਆ ਦੂਖ ਦੂਰਿ ਪਠਾਇਆ ਰਾਮ।[1]

ਰਾਗ ਬਿਹਾਗੜਾ ਉਪਰੋਕਤ ਭਾਵਾਂ ਨੂੰ ਪ੍ਰਗਟਾਉਣ ਲਈ ਇੱਕ ਢੁੱਕਵਾਂ ਰਾਗ ਹੈ[19] ਇਹ ਅਸੀਂ ਪਹਿਲਾਂ ਦਸ ਆਏ ਹਾਂ ਕਿ ਜਿਹਨਾਂ ਰਾਗਾਂ ਵਿਚ ਮਧਮ ਸਥਾਈ ਸੁਰ ਹੋਵੇ ਉਹ ਰਾਗ ਸ਼ਿੰਗਾਰਕ ਭਾਵਾਂ ਨੂੰ ਪ੍ਰਗਟਾਉਣ ਵਿਚ ਵਧੇਰੇ ਸਫਲ ਹੁੰਦੇ ਹਨ। ਇਸੇ ਲਈ ਇਸ ਰਾਗ ਦੀ ਸਾਰੀ ਬਾਣੀ ਵਿਚ ਗੰਭੀਰ ਭਾਵਾਂ ਦੀ ਘਾਟ ਹੈ। ਇਕ ਵਿਸ਼ੇਸ਼ ਤਰ੍ਹਾਂ ਦੀ ਸਰਸਤਾ ਅਤੇ ਲਲਿਤ ਭਾਵਾਂ ਦਾ ਪ੍ਰਗਟਾਆ ਹੈ।

ਰਾਗ ਵਡਹੰਸ :

ਇਸ ਰਾਗ ਦੀ ਬਾਣੀ ਵਿਚ ਅਤਿ ਦੀ ਗਮੀ ਦੇ ਭਾਵ ਦਰਜ ਹੋਏ ਹਨ। ਗੁਰੂ ਨਾਨਕ ਦੇਵ ਜੀ ਦੀ ਵਿਯੋਗ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲੀ ਪ੍ਰਸਿੱਧ ਰਚਨਾ 'ਮੋਰੀ

ਰੁਣ ਝੁਣ ਲਾਇਆ। ਭੈਣੇ ਸਾਵਣ ਆਇਆ'[20] । ਇਸੇ ਰਾਗ ਵਿਚ ਰਚੀ ਗਈ ਹੈ। ਇਸ ਰਚਨਾ ਦਾ ਵਿਯੋਗੀ ਭਾਵ ਇੰਨਾਂ ਤੀਬਰ ਹੈ ਕਿ ਸਾਰੇ ਰਾਗ ਦੀ ਬਾਣੀ ਇਸ ਤੋਂ ਪ੍ਰਭਾਵਿਤ ਹੋਈ ਲਗਦੀ ਹੈ :—

ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ।
ਦੂਜੈ ਭਾਇ ਕਰੂਪੀ ਦੂਖ ਪਾਵਹਿ ਆਗੈ ਜਾਇ।[21]

ਮੇਰਾ ਹਰਿ ਪ੍ਰਭ ਸੁੰਦਰੁ ਮੈ ਸਾਰ ਨਾ ਜਾਣੀ।
ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ।[22]

ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ।
ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ।
ਇਹ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ ॥[23]

ਵਿਯੋਗ ਦੇ ਭਾਵਾਂ ਵਾਲੀ ਇਹ ਬਾਣੀ ਵਡਹੰਸ ਰਾਗ ਵਿਚ ਇਸ ਲਈ ਰਚੀ ਗਈ ਹੈ ਕਿਉਂਕਿ ਵਡਹੰਸ ਰਾਗ ਵਿਚ ਪੰਚਮ ਵਾਦੀ ਸੁਰ ਹੈ ਅਤੇ ਆਚਾਰੀਆ ਬ੍ਰਿਹਸਪਤੀ ਅਨੁਸਾਰ ਜਿਹਨਾਂ ਰਾਗਾਂ ਵਿਚ ਪੰਚਮ ਸੁਰ ਸਥਾਈ ਹੋਵੇ ਉਹ ਰਾਗ ਵਿਯੋਗ ਸ਼ਿੰਗਾਰ ਦੇ ਭਾਵਾਂ ਲਈ ਪ੍ਰਯੋਗ ਕੀਤੇ ਜਾ ਸਕਦੇ ਹਨ।[24] ਇਸ ਰਾਗ ਵਿਚ ਘੋੜੀਆਂ ਵੀ ਰਚੀਆਂ ਗਈਆਂ ਹਨ, ਜਿਹੜੀਆਂ ਖੁਸ਼ੀ ਦਾ ਪ੍ਰਤੀਕ ਹਨ ਅਤੇ ਅਲਾਹੁਣੀਆਂ ਨੂੰ ਜੋ ਸੋਗ ਨੂੰ ਪ੍ਰਗਟਾਉਂਦੇ ਹਨ, ਵੀ ਦਰਜ ਕੀਤਾ ਗਿਆ ਹੈ। ਇਹ ਗੱਲ ਭਾਵੇਂ ਬੜੀ ਅਜੀਬ ਲਗਦੀ ਹੈ ਪਰ ਸੱਯਦ ਨਜਮ ਹੁਸੈਨ ਹੋਰਾਂ ਦਾ ਹੇਠ ਲਿਖਿਆ ਕਥਨ ਇਸ ਗੁੱਥੀ ਨੂੰ ਬੜੇ ਸਪਸ਼ਟ ਰੂਪ ਵਿਚ ਸਮਝਾ ਦਿੰਦਾ ਹੈ, 'ਵਿਆਹ ਜੀਵਨ ਦੀ ਇਕ ਜੂਨ ਵਿਚੋਂ ਨਿਕਾਲ ਕੇ ਦੂਜੀ ਜੂਨ ਵਿਚ ਪੈਣ ਵਾਲੀ ਗਲ ਏ ਇਸੇ ਕਰਕੇ ਵਿਆਹ ਦਾ ਬੂਹਾ ਵੀ ਮੌਤਹਾਰ ਹਯਾਤੀ ਦੇ ਇਕ ਰੂਪ ਦਾ ਅੰਤ ਏ ਤੇ ਅਗਮ ਦੀਆਂ ਕੋਈ ਨਹੀਂ ਜਾਣਦਾ। ਇਸੇ ਕਰਕੇ ਵਿਆਹ ਦੀ ਰਸਮ ਰੀਤ ਤੇ ਮੌਤ ਦੀ ਰਸਮ ਰੀਤ ਵਿਚ ਘਣੀ ਨੇੜ ਹੈ। ਹਾਰ ਸ਼ਿੰਗਾਰ ਡੋਲੀ ਕਹਾਰ ਦੋਵੀਂ ਥਾਂਈ ਹੁੰਦੇ ਹਨ ਤੇ ਵਿਆਹ ਦੇ ਸੁਹਾਗ ਗਾਵਣ ਤੇ ਖਾਰੇ ਮੌਤ ਦਿਆਂ ਵੈਣਾਂ ਨਾਲ ਜਾ ਖਹਿੰਦੇ ਨੇ।'[25] ਇਸ ਲਈ ਘੋੜੀਆਂ ਨੂੰ ਇਥੇ ਖੁਸ਼ੀ ਦਾ ਪ੍ਰਤੀਕ ਨਹੀਂ ਮੰਨਿਆਂ ਜਾ ਸਕਦਾ ਹੈ। ਉਂਜ ਵੀ ਇਨ੍ਹਾਂ ਘੋੜੀਆਂ ਦਾ ਵਿਸ਼ਾ ਮੌਤ ਨਾਲ ਸੰਬੰਧਤ ਹੈ। ਮਨੁੱਖੀ ਦੇਹ ਨੂੰ ਘੋੜੀ ਅਤੇ ਮੌਤ ਤੋਂ ਬਾਅਦ ਵਾਲੇ ਸਮੇਂ ਨੂੰ ਵਿਆਹੁਤਾ ਸਮਾਂ ਕਿਹਾ ਗਿਆ ਹੈ।

ਇਸ ਲਈ ਵਡਹੰਸ ਰਾਗ ਵਿਚ ਰਾਗ ਦੀ ਪ੍ਰਕਿਤੀ ਅਨੁਸਾਰ ਵਿਯੋਗ ਦੇ ਭਾਵ ਹੀ ਦਰਜ ਹੋਏ ਹਨ।

(ਚਲਦਾ)

---

ਫੁੱਟ ਨੋਟ ਤੇ ਹਵਾਲੇ

1: ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ — ਪੰਨਾ 527
2. —ਉਹੀ— — ਪੰਨਾ 530

3. ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ ਪੰਨਾ 533
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 527
5. —ਉਹੀ— ਪੰਨਾ 528
6. —ਉਹੀ— ਖੰਨਾ 530
7. —ਉਹੀ— ਪੰਨਾ 531
8. —ਉਹੀ— ਪੰਨਾ 536
9. —ਉਹੀ— ਪੰਨਾ 528
10. —ਉਹੀ— ਪੰਨਾਂ 531
11. ਮਾਸਟਰ ਪ੍ਰੇਮ ਸਿੰਘ, ਗੁਰਮਤ ਸੰਗੀਤ ਰਤਨ ਭੰਡਾਰ ਪੰਨਾ 39
12. ਆਚਾਰੀਆਂ ਭਾਤਖੰਡੇ, ਕ੍ਰਮਕ ਪੁਸਤਕ ਮਲਿਕਾ, (ਭਾਗ 5) ਪੰਨਾ 37
13, —ਉਹੀ— ਪੰਨਾ 37
14. ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ ਪੰਨਾ 538
15. ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ ।
ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ ।
ਬਿਹਾਗੜਾ ਮਹਲਾ 5, ਆਦਿ ਗ੍ਰੰਥ ਪੰਨਾ 543
16, ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 543
17. —ਉਹੀ— ਪੰਨਾ 544
18. —ਉਹੀ— ਪੰਨਾ 547
19: ਰਾਗ ਕੋਸ਼ ਪੰਨਾ 18
20. ਗੁਰੂ ਨਾਨਕ, ਆਦਿ ਗ੍ਰੰਥ ਪੰਨਾ 557-58
21. ਗੁਰੂ ਅਮਰ ਦਾਸ ਜੀ, ਆਦਿ ਗ੍ਰੰਥ ਪੰਨਾ 559
22. ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ ਪੰਨਾ 561
23. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 564
24. ਆਚਾਰੀਆ ਬ੍ਰਿਹਸਪਤੀ, ਸੰਗੀਤ ਚਿੰਤਾਮਣੀ ਪੰਨਾ 395
25. ਸਿਧਾਂ, ਸੰਪਾਦਕ ਪੁਰਦੁਮਨ ਸਿੰਘ ਬੇਦੀ,
ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ, 1971 ਪੰਨਾ 81

# Kirtan and Gurmat

DR. BISHAN SWAROOP AGGARWAL 'ROPARI'

Human beings have been singing the praises of the Immortal since hoary times. Divine music flows from the innermost recesses of the heart praising the Maker in ecrtacy. Hymns of the Guru result in divine music elevating mind and soul. The recognised form of congnegational prayer is Kirtan.

Sikh scriptures lay great emphasis on Kirtan. All sensual impurities of the mind are cleaned. Literation takes place from the yoke of time and death. Divine pleasure comes itself. Secret hand of nature works wonderfully in the amelioration of total well being a man. Emancihation takes place finally. The cycle of rebirths is stopped through its magic effect. Worldly sorrows are vanished. Various types of diseases sorrows and sufferings go away. Perfect peace prevails upon human beings and bliss is showered every where. Virtues are imbibed. Social understanding takes place sowing love, peace, harmony everywhere.

According to a scholar, Kirtan means "Words, set to shabad, set to music and rythem. utilizing the experience....... Communicating quality of singing, objectified emotional charactor of Raga, the multiple concept of Tal and the purposeful, meaningful and inspirational character of Bani.

Guru Arjun Dev Ji arranged the sacred hymns on the basis of Ragas. The basis is neither authorship nor chronology. Devotional music is embedded in a scientific manner. The Ragas are as under ,

| | | | |
|---|---|---|---|
| 1, Sri Rag | 2. Majh | 3. Gauri | 4. Asa |
| 5. Gujri | 6. Devgandhari | 7. Bihagra | 8. Wadhans |
| 9. Sorath | 10. Dhanasari | 11. Jaitsri | 12. Tudi |
| 13. Bairari | 14. Tilang | 15. Suhi | 16. Bilawal |
| 17. Gaund | 18. Ramkali | 19. Nat | 20. Maligaura |
| 21. Maru | 22. Tukhari | 23. Kedara | 24. Bhairo |
| 25. Basant | 26. Sarang | | 27. Malar |
| 28. Kanara | 29. Kalian | 30. Prabhati | 31. Jaijawanti |

The Adi granth is the reporitory of songs. utterances of of saints, seers and bards endowed with blessings of God. It contains 1430 pages divided into 33 sections in its present form Seven Sikh Gurus have their compositions enshrined therein.

Kirtan should be a way of life of every Indian. Devotional hymns are sung in every Gurdwara and if every citizen makes it a point to listen to those hymns minds will be cleansed. Who has not been moved by the hymns sung in Golden Temple at Amritsar ? Violence can stop if the youth visit Gurdwaras regularly and listen patiently to devotional songs. Visits to Golden Temple should be made compulsory for all school, college students twice ayear at least.

---

# ਗੁਰਮਤਿ ਸੰਗੀਤ ਦੀ ਨਿਰੰਤਰ ਸਿਖਲਾਈ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਦਸ ਸਾਲ ਤੋਂ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਦੀ ਸਥਾਪਨਾ ਹੋਈ ਹੈ ਜੋ ਕੀਰਤਨ ਪ੍ਰਚਾਰ ਦੀ ਲਹਿਰ ਵਿਚ ਆਪਣਾ ਯੋਗਦਾਨ ਪਾ ਰਹੀ ਹੈ। ਕੀਰਤਨ ਕਲਾਸਾਂ ਦਾ ਉਪਰਾਲਾ ਪੱਕੇ ਤੌਰ ਤੇ ਜਾਰੀ ਰੱਖਿਆ ਗਿਆ ਹੈ। ਕੀਰਤਨ ਅਤੇ ਤਬਲੇ ਦੀ ਸਿਖਲਾਈ ਕਰਵਾਈ ਜਾਂਦੀ ਹੈ। ਇਸ ਤੋਂ ਬਿਨਾਂ ਹਰ ਮਹੀਨੇ ਦੇ ਆਖਰੀ ਸ਼ਨਿਚਰਵਾਰ ਨੂੰ ਵਿਦਿਆਰਥੀ ਤੇ ਅਧਿਆਪਕ ਮਿਲ ਕੇ ਨਿਰਧਾਰਤ ਰਾਗਾਂ ਵਿੱਚ 4 ਤੋਂ 6 ਵਜੇ ਤੱਕ ਕੀਰਤਨ ਸਮਾਗਮ ਕਰਦੇ ਹਨ। ਇਹ ਕਲਾਸਾਂ ਗੁਰਬਾਣੀ ਖੋਜ, ਵਿਚਾਰ ਤੇ ਸੰਚਾਰ ਕੇਂਦਰ, ਮਾਡਲ ਟਾਊਨ ਐਕਸਟੇਨਸ਼ਨ ਲੁਧਿਆਣਾ ਵਿਖੇ ਜਾਰੀ ਹਨ।

ਇਸ ਕੀਰਤਨ ਪ੍ਰਚਾਰ ਦੀ ਲਹਿਰ ਨੂੰ ਵਿਦਿਆਰਥੀਆਂ ਵਿੱਚ ਖਾਸ ਕਰਕੇ ਤੇ ਹੋਰ ਸਿੱਖ ਸੰਗਤਾਂ ਵਿਚ ਵੀ ਉਤਸ਼ਾਹਤ ਕਰਨ ਲਈ ਪ੍ਰੀਖਿਆਵਾਂ ਦਾ ਸਿਲਸਿਲਾ ਵੀ ਇਸ ਸਾਲ ਤੋਂ ਆਰੰਭ ਕੀਤਾ ਗਿਆ ਹੈ। ਐਮ.ਏ. ਪੱਧਰ ਤੱਕ ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਨੂੰ ਆਦਿ ਗੁਰੂ ਗਰੰਥ ਸਾਹਿਬ ਦੇ 31 ਮੁਖ ਰਾਗਾਂ ਦਾ ਪੂਰਨ ਗਿਆਨ ਤੇ ਹੋਰ ਪ੍ਰਚਲਤ ਰਾਗਾਂ ਦੀ ਵੀ ਵਿਸਥਾਰ ਪੂਰਵਕ ਜਾਣਕਾਰੀ ਹੋ ਜਾਏਗੀ। ਸਟੱਡੀ ਸਰਕਲ ਦੇ ਯੂਨਿਟਾਂ ਵਿਚ ਵੀ ਅਕੈਡਮੀ ਦੇ ਯੂਨਿਟ ਕਾਰਜਸ਼ੀਲ ਹਨ।

—ਪ੍ਰੋ: ਕਰਤਾਰ ਸਿੰਘ ਡਾਇਰੈਕਟਰ,

ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ

# ਪਟਿਆਲਾ ਸੰਗੀਤ ਘਰਾਣੇ ਦੀ ਵਾਦਨ ਪਰੰਪਰਾ

—ਬਲਬੀਰ ਸਿੰਘ 'ਕੰਵਲ'

ਸਰ ਸੱਯਦ ਅਹਿਮਦ ਖਾਂ ਆਪਣੀ ਇਕ ਕਿਰਤ ਵਿਚ ਹਿੰਮਤ ਖਾਂ ਬੀਨਕਾਰ ਬਾਰੇ ਇੰਝ ਲਿਖਦਾ ਹੈ, 'ਜੇ ਅੱਜ ਤਾਨ ਸੈਨ ਜੀਂਦਾ ਹੁੰਦਾ ਤਾਂ ਇਸ ਸੰਗੀਤਕਾਰ ਦੀ ਸ਼ਾਗਿਰਦੀ ਕਰ ਲੈਂਦਾ ਅਤੇ ਜੇ ਬਿਰਜੂ (ਬੈਜੂ) ਬਾਵਰਾ ਜੀਵਤ ਹੁੰਦਾ ਤਾਂ ਉਹ ਇਸ ਨੂੰ ਗੁਲਾਮੀ ਦਾ ਖਤ ਲਿਖ ਦਿੰਦਾ।''

ਹਿੰਮਤ ਖਾਂ ਕਿਸ ਪਾਏ ਦਾ ਸੰਗੀਤਕਾਰ ਹੋਇਆ ਹੋਵੇਗਾ—ਸਾਨੂੰ ਇਨ੍ਹਾਂ ਦੋ ਤਿੰਨ ਸਤਰਾਂ ਤੋਂ ਅੰਦਾਜ਼ਾ ਲਾਉਣਾ ਜ਼ਰਾ ਸੌਖਾ ਹੋ ਜਾਂਦਾ ਹੈ।

ਮੇਰੀ ਆਪਣੀ ਜ਼ਾਤੀ ਖ਼ੁਆਬਗਾਹ ਵਿਚ ਇਕ ਬੜੀ ਲੰਮੀ ਚੌੜੀ ਅਤੇ ਅਹਿਮ ਦਸਤਾਵੇਜ਼ ਪਈ ਹੈ, ਜਿਸ ਵਿਚ ਲਿਖਿਆ ਹੈ ਕਿ ਵੱਖ ਵੱਖ ਥਾਵਾਂ 'ਤੇ ਮੇਰੇ ਇਨ੍ਹਾਂ ਕਲਾਕਾਰਾਂ ਨਾਲ ਮੁਕਾਬਲੇ ਹੋਏ ਅਤੇ ਜਿਵੇਂ ਜਿਵੇਂ ਮੈਂ ਜਿੱਤਾਂ ਪ੍ਰਾਪਤ ਕਰਦਾ ਗਿਆ, ਤਿਵੇਂ ਤਿਵੇਂ ਹੀ ਮੈਨੂੰ ਇਨਾਮਾਂ ਤੇ ਇਨਾਮ ਅਤੇ ਤਨਖਾਹ ਵਿਚ ਵਾਧਾ ਹੁੰਦਾ ਗਿਆ। ਜਿਨ੍ਹਾਂ ਜਿਨ੍ਹਾਂ ਨਾਲ ਮੇਰੇ ਟਾਕਰੇ ਹੋਏ, ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ :— (1) ਨਿਸਾਰ ਖਾਂ ਸਿਤਾਰ ਨਵਾਜ਼ (2) ਇਮਦਾਦ ਖਾਂ ਕਲਕੱਤੇ ਵਿਚ ਆਪਣੀ ਸ਼ਾਗਿਰਦ ਗੌਹਰਜਾਨ ਨਾਲ ਮਹਾਰਾਜਾ ਕ੍ਰਿਸ਼ਨਗੜ੍ਹ ਦੇ ਦਰਬਾਰ ਵਿਚ (3) ਜਰਨੈਲ ਅਲੀਬਖਸ਼ ਤੇ ਫਤਹਿ ਅਲੀ ਖਾਂ (ਆਲੀਆ ਫੱਤੂ) ਗਾਇਕ ਪਟਿਆਲਾ ਤੇ ਮਿਠਣਕੋਟ ਵਿਚ (4) ਬਰਕਤ ਉਲਾ ਖਾਂ ਪਟਿਆਲਾ ਸਿਤਾਰ ਨਿਵਾਜ਼ (5) ਮੱਮਣ ਖਾਂ ਸਾਰੰਗੀ ਨਵਾਜ਼ ਪਟਿਆਲਾ (6) ਹਰਨਾਮ ਸਿੰਘ ਮਰਦੰਗ ਨਵਾਜ਼ ਜੰਮੂ (7) ਸਭਰ ਮਨਯੁ ਮੈਸੂਰ ਘੜਾ ਨਵਾਜ਼। ਇਨ੍ਹਾਂ ਸਭਨਾਂ ਕਲਾਕਾਰਾਂ ਨੂੰ ਹਰਾਇਆ, ਜਿਹੜੇ ਕਿ ਆਪਣੇ ਆਪ ਵਿਚ ਕੋਹ ਹਿਮਾਲਿਆ ਵਰਗੇ ਸੰਗੀਤਗੱਯ ਸਨ—ਖਾਸ ਕਰਕੇ ਇਮਦਾਦ ਖਾਂ, ਅਲੀਬਖਸ਼ ਫਤਹਿ ਅਲੀ ਅਤੇ ਮੰਮਣ ਖਾਂ ਵਰਗੇ ਵੀ, ਜਿਨ੍ਹਾਂ ਦੀ ਟੱਕਰ ਦਾ ਅੱਜ ਤਕ ਕੋਈ ਹੋਰ ਸੰਗੀਤਕਾਰ ਪੈਦਾ ਨਹੀਂ ਹੋਇਆ।

ਇਨ੍ਹਾਂ ਨੂੰ ਹਰਾਉਣ ਵਾਲਾ ਕਿਹੜਾ ਕਲਾਕਾਰ ਹੋ ਸਕਦਾ ਹੈ। ਇਹ ਸਾਰੀ ਦਸਤਾਵੇਜ਼ ਪੜ੍ਹਦਿਆਂ ਬੰਦੇ ਨੂੰ ਇਕ ਵਾਰ ਤਾਂ ਚੱਕਰ ਆ ਜਾਂਦਾ ਹੈ ਕਿ ਇਸ ਹਿਸਾਬ ਨਾਲ ਤਾਂ ਭਾਰਤੀ ਸੰਗੀਤ ਦੀ ਸਾਰੀ ਤਵਾਰੀਖ ਸਾਨੂੰ ਦੁਬਾਰਾ ਲਿਖਣੀ ਪਏਗੀ।

ਐਨੇ ਐਨੇ ਵੱਡੇ ਕਲਾਕਾਰਾਂ 'ਤੇ ਵੀ ਜਿੱਤ ਪ੍ਰਾਪਤ ਕਰਨ ਵਾਲੇ ਕਲਾਕਾਰ ਦਾ ਨਾਂ ਭਾਈ ਮਹਿਬੂਬ ਅਲੀ ਉਰਫ ਬੂਬਾ ਰਬਾਬੀ ਸੀ ਜਿਹੜਾ ਭਾਈ ਅਮੀਰ ਬਖਸ਼ ਦਾ ਪੁੱਤਰ ਸੀ। ਉਨ੍ਹਾਂ ਦਾ ਸਬੰਧ ਭਾਈ ਮਰਦਾਨਾ ਜੀ ਦੇ ਗੁਰੂ ਭਾਈ ਫਰਿੰਦਾ ਜੀ ਦੇ ਬੰਸ ਨਾਲ ਸੀ। ਸੰਗੀਤ ਦੀ ਵਿੱਦਿਆ ਉਸ ਨੇ ਆਪਣੇ ਪਿਤਾ ਤੋਂ ਛੁੱਟ ਮੀਰ ਨਾਸਿਰ ਅਹਿਮਦ (ਹਿੰਮਤ ਖਾਂ ਇਸ ਦਾ ਨਾਨਾ ਲਗਦਾ ਸੀ) ਅਤੇ ਉਸ ਦੇ ਪੁੱਤਰ ਤੋਂ ਵੀ ਪ੍ਰਾਪਤ ਕੀਤੀ ਸੀ। ਮਹਾਰਾਜਾ ਭੂਪਿੰਦਰ ਸਿੰਘ ਦੇ ਸਮੇਂ ਪਟਿਆਲਾ ਦਰਬਾਰ ਦਾ ਉਹ ਸ੍ਰੋਮਣੀ ਸੰਗੀਤਕਾਰ

ਸੀ। ਜਿਥੋਂ ਤਕ ਪਟਿਆਲਾ ਦੀ ਗਾਇਕੀ ਦਾ ਸਬੰਧ ਹੈ, ਉਸ ਦਾ ਤਾਂ ਕੋਈ ਮੁਕਾਬਲਾ ਹੀ ਨਹੀਂ, ਜਿਵੇਂ ਕਿ ਬੜੇ ਗੁਲਾਮ ਅਲੀ ਖਾਂ ਵਰਗੇ ਕਲਾਕਾਰਾਂ ਨੇ ਇਹ ਗੱਲ ਸਿੱਧ ਕਰ ਕੇ ਵਿਖਾ ਦਿੱਤੀ, ਪਰ ਜਿਥੋਂ ਤਕ ਪਟਿਆਲਾ ਘਰਾਣੇ ਦੀ ਵਾਦਨ ਪਰੰਪਰਾ ਦਾ ਸਬੰਧ ਹੈ-- ਆਪਣੇ ਆਪ ਵਿਚ ਇਹ ਵੀ ਬਹੁਤ ਅਮੀਰ ਹੈ। ਭਾਰਤ ਦੇ ਸੰਗੀਤ ਘਰਾਣਿਆਂ ਵਿਚੋਂ ਇਹ ਹੀ ਇਕੋ ਇਕ ਘਰਾਣਾ ਹੈ ਜਿਸ ਵਿਚ ਸਿਤਾਰ ਦੇ ਸੱਤ ਬਾਜ਼ ਅਤੇ ਵੀਣਾ ਦੇ ਪੰਜ ਕਾਇਦੇ ਅੱਜ ਤਕ ਜੀਉਂਦੇ ਚਲੇ ਆ ਰਹੇ ਹਨ।

1857 ਦੇ ਗਦਰ ਪਿੱਛੋਂ ਅੰਗਰੇਜ਼ਾਂ ਨੇ ਜਦੋਂ ਬਹਾਦਰ ਸ਼ਾਹ ਜ਼ਫਰ ਨੂੰ ਕੈਦ ਕਰ ਕੇ ਰੰਗੂਨ ਭੇਜ ਦਿੱਤਾ ਤਾਂ ਉਸ ਦੇ ਨਾਲ ਹੀ ਉਸ ਦੇ ਕੁਝ ਦਰਬਾਰੀ ਸੰਗੀਤਕਾਰਾਂ ਜਿਵੇਂ ਕਿ ਸੱਯਦ ਨਿਰਮਲ ਸ਼ਾਹ ਦੇ ਪੁੱਤਰ ਮੀਰ ਨਾਸਿਰ ਅਹਿਮਦ ਨੂੰ ਵੀ ਸਣੇ ਮੀਆਂ ਤਾਨ ਰਸ ਖਾਂ ਦੇ ਫੜ ਕੇ ਉਸ ਦੇ ਨਾਲ ਹੀ ਬੰਦੀ ਬਣਾ ਲਿਆ ਗਿਆ ਸੀ। ਇਹ ਸਾਰੇ ਉਥੇ ਬਿਪਤਾ ਦੇ ਦਿਨ ਕੱਟ ਰਹੇ ਸਨ ਕਿ ਕਪੂਰਥਲਾ ਰਿਆਸਤ ਦੇ ਮਹਾਰਾਜਾ ਰਣਧੀਰ ਸਿੰਘ ਨੇ, ਅੰਗਰੇਜ਼ਾਂ ਨੂੰ ਇਹ ਕਹਿ ਕੇ ਕਿ ਮੀਰ ਨਾਸਿਰ ਤਾਂ ਕੇਵਲ ਲਲਿਤ-ਕਲਾ ਦੇ ਮਾਮਲਿਆਂ ਦਾ ਹੀ ਵਜ਼ੀਰ ਸੀ ਜਿਸ ਦਾ ਰਾਜਨੀਤੀ ਨਾਲ ਦੂਰ ਦਾ ਸੰਬੰਧ ਵੀ ਨਹੀਂ ਸੀ--- ਜ਼ਮਾਨਤ ਦੇ ਕੇ ਰੰਗੂਨ ਤੋਂ ਛੁਡਾ ਲਿਆਂਦਾ ਸੀ। ਉਸ ਪਿੱਛੋਂ ਮੀਰ ਨਾਸਿਰ ਮਹਾਰਾਜੇ ਨਾਲ ਪੰਜਾਬ ਆ ਗਿਆ ਅਤੇ ਕਪੂਰਥਲਾ ਦੇ ਹੀ ਰਾਜੇ ਹਰਨਾਮ ਸਿੰਘ ਕੋਲ ਜਲੰਧਰ ਰਹਿਣ ਲਗ ਪਿਆ। ਉਧਰੋਂ ਜਿਵੇਂ ਕਿ ਪੁਰਾਣੀ ਤਵਾਰੀਖ ਦੱਸਦੀ ਹੈ, ਗੁਰੂ ਨਾਨਕ ਦੇਵ ਜੀ ਦੇ ਪੁੱਤਰ ਬਾਬਾ ਸ੍ਰੀ ਚੰਦ ਨੇ ਜਦੋਂ ਡੇਰਾ ਸਾਹਿਬ 'ਤੇ ਕਬਜ਼ਾ ਕਰ ਲਿਆ ਤਾਂ ਪੰਜਵੀਂ ਪਾਤਸ਼ਾਹੀ ਨਾਲ ਉਥੋਂ ਦੇ ਰਬਾਬੀ ਵੀ ਆ ਗਏ ਸਨ ਅਤੇ ਹੁਣ 1594 ਪਿਛੋਂ ਜਲੰਧਰ ਲਾਗੇ ਉਨ੍ਹਾਂ ਦੇ ਹੀ ਵਸਾਏ ਹੋਏ ਨਵੇਂ ਸ਼ਹਿਰ 'ਕਰਤਾਰਪੁਰ' ਰਹਿਣ ਲਗ ਪਏ ਸਨ। ਭਾਈ ਫਰਿੰਦੇ ਦੇ ਵਾਰਿਸਾਂ ਨੂੰ ਇਸ ਤਰ੍ਹਾਂ ਨਾਲ ਹੁਣ "ਕਰਤਾਰਪੁਰ ਵਾਲੇ ਰਬਾਬੀ" ਵੀ ਕਿਹਾ ਜਾਣ ਲਗ ਪਿਆ ਸੀ। ਉਨ੍ਹਾਂ ਦੇ ਪਰਿਵਾਰ ਵਿਚੋਂ ਹੀ ਉਪਰ ਵਰਨਣ ਕੀਤਾ ਗਿਆ ਭਾਈ ਮਹਿਬੂਬ ਅਲੀ (1854-1946) ਰਬਾਬੀ ਸੀ। ਪਿਤਾ ਪੁਰਖੀ ਕਿੱਤੇ ਕਰਕੇ ਆਪਣੀ ਕਲਾ ਵਿਚ ਉਹ ਨਿਪੁੰਨ ਸੀ, ਪਰ ਜਦੋਂ ਮੀਰ ਨਾਸਿਰ ਜਲੰਧਰ ਆ ਗਏ ਤਾਂ ਉਸ ਨੇ ਸੰਗੀਤ ਦੀ ਸਿੱਖਿਆ ਉਸ ਦੇ ਪੁੱਤਰ ਮੀਰ ਰਹਿਮਤ ਅਲੀ ਤੋਂ ਵੀ ਪ੍ਰਾਪਤ ਕੀਤੀ। ਇਸ ਤਰ੍ਹਾਂ ਨਾਲ ਉਸ ਕੋਲ ਮੀਆਂ ਤਾਨ ਸੈਨ ਅਤੇ ਮਿਸ਼ਰੀ ਸਿੰਘ (ਨੌਬਤ ਖਾਂ) ਦੇ ਘਰਾਣਿਆਂ ਦੀ ਬਾਜ਼ ਵੀ ਆ ਗਈ। ਦੱਸਿਆ ਜਾਂਦਾ ਹੈ ਕਿ ਪਿਛਲੀ ਸਦੀ ਦੇ ਆਖਰੀ ਹਿੱਸੇ ਤੋਂ ਲੈ ਕੇ, 1940 ਦੇ ਕਰੀਬ ਤਕ ਸਾਰੇ ਭਾਰਤ ਵਿਚ ਉਸ ਦੇ ਮੁਕਾਬਲੇ ਦਾ ਕੋਈ ਸਿਤਾਰ ਅਤੇ ਵੀਣਾ-ਵਾਦਕ ਨਹੀਂ ਸੀ। ਆਪਣੇ ਜੀਂਦੇ ਜੀ ਸਿਤਾਰ ਦੇ ਸੱਤਾਂ ਬਾਜ਼ਾਂ (ਮਸੀਤ ਖਾਨੀ, ਫੀਰੋਜ਼ਖਾਨੀ, ਬੇਗਮੀ, ਰਜ਼ਾਖਾਨੀ, ਠੁਮਰੀ, ਬਹਿਰ ਅਤੇ ਨਾਚ) ਅਤੇ ਵੀਣਾ ਦੇ ਪੰਜ ਬਾਜ਼ (ਅਲਾਪ, ਅਲਾਪਤੀ, ਅਲਾਪਨ ਜਿਸ ਵਿਚ ਰੂਪਕ ਤੇ ਭੰਜਨੀ ਵੀ ਸ਼ਾਮਲ ਹਨ ਬ੍ਰਹਮਬਾਜ਼ ਅਤੇ ਨਿਬੱਧ ਬਾਜ਼) ਦੀ ਤਾਲੀਮ ਸਾਰੀ ਉਹ ਰਾਜਾ ਮ੍ਰਿਗੇਂਦਰ ਸਿੰਘ ਨੂੰ ਦੇ ਗਿਆ, ਜਿਹੜੇ ਇਨ੍ਹਾਂ ਸਭਨਾਂ ਸ਼ੈਲੀਆਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਬਾਰੀਕੀਆਂ ਸਮੇਤ ਪੂਰਨ ਰੂਪ ਵਿਚ ਚੰਗੀ ਤਰ੍ਹਾਂ ਵਜਾ ਸਕਦੇ ਹਨ।

ਯਾਦ ਰਹੇ, ਰਾਮਪੁਰ ਦੇ ਸੈਨੀਏ ਘਰਾਣੇ ਵਿਚ ਸਿਤਾਰ ਦੇ ਕੇਵਲ ਦੋ ਬਾਜ਼ (ਮਸੀਤਖਾਨੀ ਅਤੇ ਰਜ਼ਾਖਾਨੀ) ਹੀ ਪ੍ਰਸਿੱਧ ਹਨ ਅਤੇ ਏਸੇ ਤਰ੍ਹਾਂ ਵੀਣਾ ਦਾ ਸਿਰਫ ਇਕ ਬਾਜ਼-ਅਲਾਪ ਜੋੜ-ਝਾਲਾ ਹੀ ਪ੍ਰਚਲਤ ਹਨ ਜਦ ਕਿ ਪਟਿਆਲਾ ਘਰਾਣੇ ਦੀ ਵਾਦਨ ਸ਼ੈਲੀ ਵਿਚ ਐਨਾ ਕੁਝ ਸਾਂਭਿਆ ਪਿਆ ਹੈ। ਅੱਜ ਕੱਲ੍ਹ ਉਸਤਾਦ ਵਿਲ ਇਤ ਖਾਂ, ਪੰਡਤ ਰਵੀ ਸ਼ੰਕਰ ਅਤੇ ਉਨ੍ਹਾਂ ਦੀ ਹੋਣਹਾਰ ਸ਼ਾਗਿਰਦ ਸਵਰਗੀ ਸ੍ਰੀ ਅੱਛਰ ਸਿੰਘ ਦੀ ਬੇਟੀ ਸਵਰਜੀਤ ਕੌਰ ਗਾਇਕੀ ਤੇ ਠੁਮਰੀ ਦੇ ਅੰਗ ਵਜਾ ਰਹੇ ਹਨ ਜਿਹੜੇ ਕਿ ਪਟਿਆਲਾ ਦੀ ਫੀਰੋਜ਼ਖਾਨੀ ਅਤੇ ਠੁਮਰੀ ਬਾਜ਼ ਵਿਚ ਪਹਿਲਾਂ ਹੀ ਪ੍ਰਚਲਤ ਹਨ।

ਪਟਿਆਲਾ ਘਰਾਣੇ ਦੀ ਵਾਦਨ ਪਰੰਪਰਾ ਬਾਰੇ ਲਿਖਣ ਲੱਗਿਆਂ ਭਾਵ ਹੈ, ਇਨ੍ਹਾ ਮਹਾਂਰਥੀਆਂ ਨੂੰ ਯਾਦ ਕਰਨਾ : ਜਿਵੇਂ ਭਾਈ ਕਾਲੂ (ਸਾਰੰਦਾ ਨਵਾਜ਼) ਮੱਮਣ ਖਾਂ ਸਾਰੰਗੀ ਨਵਾਜ਼ (ਕਾਦੂ ਸੁਰ ਸਾਗਰ), ਅਬਦੁਲ ਅਜ਼ੀਜ਼ ਖਾਂ ਬੀਨਕਾਰ (ਵੀਚਤ੍ਰ ਵੀਣਾ ਈਜਾਦ ਕਰਨ ਵਾਲੇ) ਮਹੰਤ ਗੱਜਾ ਸਿੰਘ (ਹਾਊਸ ਨਵਾਜ਼) ਭਾਈ ਗੋਪਾਲ ਸਿੰਘ (ਮਰਦੰਗ ਨਵਾਜ਼), ਬਰਕਤ ਉਲਾ ਖਾਂ (ਸਿਤਾਰ), ਬੁੰਦੂ ਖਾਂ (ਸਾਰੰਗੀ), ਵਹੀਦ ਖਾਂ (ਸੁਰਬਹਾਰ ਅਤੇ ਸਿਤਾਰ), ਅਲੀਬਖਸ਼ (ਦਿਲਰੁਬਾ ਬੜੇ ਗੁਲਾਮ ਅਲੀ ਦੇ ਪਿਤਾ) ਅਤੇ ਬਾਬਾ ਮਲੰਗ ਖਾਂ ਬੋਹਣ ਪੱਟੀ (ਤਬਲਾ)। ਸਾਰੇ ਦੇ ਸਾਰੇ ਇਹ ਕਲਾਕਾਰ ਆਪਣੇ ਆਪਣੇ ਕੰਮ ਵਿਚ ਇਕ ਦੂਜੇ ਤੋਂ ਵਧ ਚੜ੍ਹ ਕੇ ਸਨ। ਹੁਣ ਦੇ ਸਮੇਂ ਵਿਚ ਹੀ ਵੇਖ ਲਓ ਕਿ ਉਸਤਾਦ ਅੱਲਾ ਰੱਖਾ ਅਤੇ ਉਸ ਦਾ ਪੁੱਤਰ ਜ਼ਾਕਰ ਹੁਸੈਨ-ਪਟਿਆਲਾ ਪਰੰਪਰਾ ਨੂੰ ਕਾਇਮ ਰੱਖਦੇ ਹੋਏ, ਸਾਰੀ ਦੁਨੀਆਂ ਤੇ ਛਾਏ ਹੋਏ ਹਨ।

—0—

# ਆਰੋਹੀ–ਅਵਰੋਹੀ ਅਤੇ ਲੈਅ

ਜਦੋਂ ਅਸੀਂ ਗਾਉਂਦੇ ਹਾਂ ਤਾਂ ਸੁਰਾਂ ਨੂੰ ਉਤਰਾਅ ਤੇ ਚੜ੍ਹਾਅ ਦੇ ਰੂਪ ਵਿੱਚ ਕਈ ਤਰ੍ਹਾਂ ਨਾਲ ਪ੍ਰਯੋਗ ਵਿੱਚ ਲਿਆਉਂਦੇ ਹਾਂ, ਕੇਵਲ ਕਿਸੇ ਇੱਕ ਸੁਰ ਉੱਤੇ ਹੀ ਨਹੀਂ ਠਹਿਰਦੇ। ਸੁਰਾਂ ਦੇ ਇਸੇ ਉਤਰਾਅ ਚੜ੍ਹਾਅ ਦੇ ਕ੍ਰਮ ਨੂੰ ਸੰਗੀਤ ਵਿੱਚ ਆਰੋਹੀ-ਅਵਰੋਹੀ ਕਹਿੰਦੇ ਹਾਂ। ਜਦੋਂ ਅਸੀਂ ਸੁਰਾਂ ਨੂੰ ਸਾ ਤੋਂ ਸ਼ੀ ਵੱਲ ਕ੍ਰਮ ਅਨੁਸਾਰ (ਸਾ ਰੇ ਗਾ ਮਾ ਪਾ ਧਾ ਨੀ ਸਾਂ) ਗਾਉਂਦੇ ਹਾਂ ਉਸ ਨੂੰ ਆਰੋਹੀ ਕਹਿੰਦੇ ਹਾਂ ਅਤੇ ਇਸੇ ਤਰ੍ਹਾਂ ਸੁਰਾਂ ਦੇ ਉੱਪਰ ਤੋਂ ਹੇਠਾਂ ਵੱਲ ਕਰਮ ਅਨੁਸਾਰ (ਸਾਂ ਨੀ ਧਾ ਪਾ ਮਾ ਗਾ ਰੇ ਸਾ) ਆਉਣ ਦੀ ਕਿਰਿਆ ਜਾਂ ਗਾਉਣ ਨੂੰ ਅਵਰੋਹੀ ਕਹਿੰਦੇ ਹਾਂ।

ਆਰੋਹੀ :- ਸਾ ਰੇ ਗਾ ਮਾ ਪਾ ਧਾ ਨੀ ਸਾਂ।

ਅਵਰੋਹੀ :- ਸਾਂ ਨੀ ਧਾ ਪਾ ਮਾ ਗਾ ਰੇ ਸਾ।

## ਲੈਅ

ਸੰਗੀਤ ਵਿੱਚ ਸਮੇਂ ਦੀ ਬਰਾਬਰ ਚਾਲ ਨੂੰ ਲੈਅ ਕਿਹਾ ਜਾਂਦਾ ਹੈ। ਪ੍ਰਕਿਰਤੀ ਦੇ ਕਣ ਕਣ ਵਿੱਚ ਲੈਅ ਵਸੀ ਹੋਈ ਹੈ। ਚੰਦ, ਸੂਰਜ ਧਰਤੀ ਅਤੇ ਤਾਰੇ ਆਦਿ ਸਾਰੇ ਆਪਣੀ ਨਿਰੰਤਰ ਚਾਲ ਨਾਲ ਘੁੰਮਦੇ ਹਨ। ਸਾਡੇ ਚੱਲਣ, ਉੱਠਣ, ਬੈਠਣ ਵਿੱਚ ਵੀ ਲੈਅ ਹੁੰਦੀ ਹੈ। ਜੇ ਕਿਸੇ ਕੰਮ ਦੇ ਸਮੇਂ ਨੂੰ ਬਰਾਬਰ ਦੀ ਰਫਤਾਰ ਵਿੱਚ ਵੰਡ ਦਿੱਤਾ ਜਾਵੇ ਤਾਂ ਉਸ ਨੂੰ ਅਸੀਂ ਲੈਅ ਕਹਾਂਗੇ। ਜਿਸ ਤਰ੍ਹਾਂ ਘੜੀ ਦੀ ਟੱਕ ਟੱਕ ਤੇ ਉਸ ਦੀ ਸੂਈ ਚੱਲਣ ਦੀ ਰਫਤਾਰ ਇੱਕ ਆਪਣੀ ਹੀ ਲੈਅ ਰਖਦੀ ਹੈ। ਸੰਗੀਤ ਵਿੱਚ ਲੈਅ ਦਾ ਇੱਕ ਵਿਸ਼ੇਸ਼ ਸਥਾਨ ਹੈ, ਜਾਂ ਇਉਂ ਕਿਹਾ ਜਾਵੇ ਕਿ ਸੰਗੀਤ ਵਿੱਚ ਜੇ ਸੁਰ ਸਰੀਰ ਹੈ ਤਾਂ ਲੈਅ ਉਸ ਦੀ ਆਤਮਾ ਹੋਵੇਗੀ। ਗਾਇਨ, ਵਾਦਨ ਅਤੇ ਨ੍ਰਿਤ ਕਿਸੇ ਵਿੱਚ ਵੀ ਲੈਅ ਤੋਂ ਬਿਨਾਂ ਪ੍ਰਾਣ ਨਹੀਂ ਹੁੰਦੇ। ਜਦੋਂ ਲੈਅ ਟੁੱਟ ਜਾਂਦੀ ਹੈ ਤਾਂ ਲੈਅ ਨਾਲ ਸੰਬੰਧਿਤ ਹਰ ਕੰਮ ਅਤੇ ਵਸਤੂ ਨਸ਼ਟ ਹੋ ਜਾਂਦੀ ਹੈ। ਸੰਗੀਤ ਵਿੱਚ ਮੁੱਖ ਰੂਪ ਨਾਲ ਤਿੰਨ ਪ੍ਰਕਾਰ ਦੀ ਲੈਅ ਮੰਨੀ ਜਾਂਦੀ ਹੈ।

1) ਵਿਲੰਬਤ ਲੈਅ
2) ਮੱਧ ਲੈਅ
3) ਦਰੁਤ ਲੈਅ

**ਵਿਲੰਬਤ ਲੈਅ :** ਜਿਹੜੀ ਲੈਅ ਬੜੀ ਧੀਮੀ ਚਲਦੀ ਹੈ, ਅਰਥਾਤ ਮੱਧ ਲੈਅ ਤੋਂ ਧੀਮੀ ਹੁੰਦੀ ਹੈ, ਉਸ ਨੂੰ ਵਿਲੰਬਤ ਲੈਅ ਆਖਦੇ ਹਨ।

**ਮੱਧ ਲੈਅ :** ਜਿਹੜੀ ਲੈਅ ਨਾ ਧੀਮੀ ਅਤੇ ਨਾ ਤੇਜ਼ ਹੁੰਦੀ ਹੈ, ਅਰਥਾਤ ਵਿਚਕਾਰਲੀ ਲੈਅ ਹੁੰਦੀ ਹੈ, ਉਸ ਨੂੰ ਮੱਧ ਲੈਅ ਕਹਿੰਦੇ ਹਨ।

ਦਰੁਤ ਲੈਅ : ਜਿਹੜੀ ਲੈਅ ਮੱਧ ਲੈਅ ਤੋਂ ਤੇਜ਼ ਹੁੰਦੀ ਹੈ ਉਸ ਨੂੰ ਦਰੁਤ ਲੈਅ ਕਹਿੰਦੇ ਹਨ। ਉਦਾਹਰਨ ਦੇ ਰੂਪ ਵਿੱਚ ਤਿੰਨਾਂ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ ਜਿਵੇ :

ਮੱਧ ਲੈਅ : ਇੱਕ ਦੀ ਸੰਖਿਆ ਨੂੰ ਬੋਲਣ ਵਿੱਚ ਜੇ ਅਸੀਂ ਇੱਕ ਸੈਕੰਡ ਦਾ ਸਮਾਂ ਲਈਏ ਤਾਂ ਇਹ ਮੱਧ ਲੈਅ ਹੋਵੇਗੀ। ਜਿਵੇਂ :

1 2 = ਦੋ ਮਾਤਰਾਂ

ਇੱਕ ਦੋ = ਦੋ ਸੈਕੰਡ

ਵਿਲੰਬਤ ਲੈਅ : ਜੇ ਉਸ ਇੱਕ ਦੀ ਸੰਖਿਆ ਨੂੰ ਬੋਲਣ ਵਿੱਚ ਮੱਧ ਲੈਅ ਤੋਂ ਜ਼ਿਆਦਾ ਸਮਾਂ ਅਰਥਾਤ ਦੋ ਸੈਕੰਡ ਲੈ ਲਈਏ ਤਾਂ ਇਹ ਵਿਲੰਬਤ ਲੈਅ ਹੋਵੇਗੀ। ਜਿਵੇਂ :

1 s = ਇੱਕ ਮਾਤਰਾਂ

ਇੱਕ ਦੋ = ਦੋ ਸੈਕੰਡ

ਦਰੁਤ ਲੈਅ : ਦਰੁੱਤ ਲੈਅ ਦੇ ਲਈ ਅਸੀਂ ਮੱਧ ਲੈਅ ਦੇ ਇੱਕ ਸੈਕੰਡ ਦੇ ਸਮੇਂ ਵਿੱਚ ਹੀ ਜਲਦੀ ਨਾਲ ਇੱਕ, ਦੋ ਸੰਖਿਆ ਬੋਲ ਜਾਵਾਂਗੇ। ਇਹੀ ਦਰੁਤ ਲੈਅ ਹੋਵੇਗੀ ਜਿਵੈ :

1 2 = ਦੋ ਮਾਤਰਾਂ

ਇੱਕ s = ਇੱਕ ਸੈਕੰਡ

ਵਿਸ਼ੇਸ਼ ਨੋਟ : ਇਹਨਾਂ ਤੋਂ ਇਲਾਵਾ ਕੁਝ ਹੋਰ ਵੀ ਲੈਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਮੁਸ਼ਕਿਲ ਲੈਅਕਾਰੀਆਂ ਸਮਝਿਆ ਜਾਂਦਾ ਹੈ। ਜਿਵੇਂ : ਡੇਢ ਗੁਣ, ਪਉਣ ਗੁਣ, ਸਵਾਈ ਗੁਣ ਆਦਿ। ਇਹਨਾਂ ਨੂੰ ਆੜੀ, ਕੁਆੜੀ ਅਤੇ ਬਿਆੜੀ ਵੀ ਕਹਿੰਦੇ ਹਨ। ★

# ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

—ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਤੋਂ ਅੱਗੇ)

ਸਲੋਕ ਮ: ੧

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ।
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ।
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ।
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ।
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ।
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ।
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ।
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥

ਮ: ੧

ਪੜਿ ਪੁਸਤਕ ਸੰਧਿਆ ਬਾਦੰ । ਸਿਲ ਪੂਜਸਿ ਬਗੁਲ ਸਮਾਧੰ ।
ਮੁਖਿ ਝੂਠ ਬਿਭੂਖਣ ਸਾਰੰ । ਤ੍ਰੈਪਾਲ ਤਿਹਾਲ ਬਿਚਾਰੰ ।
ਗਲਿ ਮਾਲਾ ਤਿਲਕੁ ਲਿਲਾਟੰ । ਦੁਇ ਧੋਤੀ ਬਸਤ੍ਰ ਕਪਾਟੰ ।
ਜੇ ਜਾਣਸਿ ਬ੍ਰਹਮੰ ਕਰਮੰ । ਸਭਿ ਫੋਕਟ ਨਿਸਚਉ ਕਰਮੰ ।
ਕਹੁ ਨਾਨਕ ਨਿਹਚਉ ਧਿਆਵੈ । ਵਿਣੁ ਸਤਿਗੁਰ ਵਾਟ ਨ ਪਾਵੈ ॥੨॥

**ਵਿਆਖਿਆ :**— ਇਸ ਸਲੋਕ ਵਿਚ ਸਾਹਿਬ ਗੁਰੂ ਨਾਨਕ ਪਾਂਤਿਸ਼ਾਹ ਮਨੁੱਖ ਨੂੰ ਕੁਦਰਤ ਵਿਚੋਂ ਦ੍ਰਿਸ਼ਟਾਂਤ ਦੇ ਕੇ ਸਮਝਾਉਣਾ ਕਰਦੇ ਹਨ ਕਿ ਸਿੰਮਲ ਦਾ ਰੁੱਖ ਭਾਵੇਂ ਕਿੰਨਾ ਸਿੱਧਾ, ਬਹੁਤ ਲੰਮਾ ਤੇ ਮੋਟਾ ਹੁੰਦਾ ਹੈ ਪਰ ਪੰਛੀ ਜੋ ਫਲ ਦੀ ਆਸ ਕਰਕੇ ਉਥੇ ਪਹੁੰਚਦੇ ਹਨ, ਕਿਸ ਤਰ੍ਹਾਂ ਨਿਰਾਸੇ ਜਾਂਦੇ ਹਨ । ਇਸੇ ਤਰ੍ਹਾਂ ਉਸ ਮਨੁੱਖ ਦਾ ਉੱਚਾ ਪਣ ਤੇ ਪਦਵੀ ਕਿਸੇ ਕੰਮ ਨਹੀਂ ਹੈ ਜੋ ਮਿਠਤ ਹੀਣ ਹੈ । ਮਿਠਤ ਇਕ ਐਸੀ ਗੌਰਵਤਾ ਹੈ ਜਿਸ ਦੇ ਅੰਦਰ ਆਇਆਂ ਸੁਤੇ ਸਿਧ ਨਿਮਰਤਾ ਉਪਜਦੀ ਹੈ । 'ਨਿਮਰਤਾ ਨੀਵਾਂ ਪਣ ਨਹੀਂ ਸਗੋਂ ਆਧੇ ਦਾ ਗੌਰਵ ਹੈ । ਜਿਸ ਤਰ੍ਹਾਂ ਫਲ ਨਾਲ ਲੱਦਿਆ ਦਰਖਤ ਝੁਕਿਆ ਝੁਕਿਆ ਰਹਿੰਦਾ ਹੈ ਇਸੇ ਤਰ੍ਹਾਂ ਮਿੱਠਤ ਰੂਪੀ ਫਲ ਗੁਣਾਂ ਤੇ ਚੰਗਿਆਈਆ ਦਾ ਸਾਰ ਹੈ । ਸੰਪਰਦਾਵਾਂ ਵਿਚ ਵੀ ਸਿੰਮਲ ਤੋਂ ਅਗਿਆਨੀ ਤੇ ਦਿਖਾਵੇ ਦੇ ਪਰਉਪਕਾਰੀ ਸੰਤਾਂ ਦਾ ਭਾਵ ਲੈਂਦੇ ਹਨ, ਜਿਸ ਪਾਸ ਜਗਿਆਸੂ ਆ ਕੇ ਨਿਰਾਸ ਜਾਂਦੇ ਹਨ । ਅਸਲੀ ਆਤਮ ਰਸ ਮਈ ਅਵੱਸਥਾ ਵਾਲੇ ਸੱਜਣ ਪੁਰਖ ਸਦਾ ਹੀ ਨਿਮਰਤਾ ਵਿਚ ਰਹਿੰਦੇ ਹਨ ਤੇ ਮਿਠਤ ਨਾਲ ਵਰਤਦੇ ਹਨ । ਇਸੇ ਲਈ ਅਗਲੇ ਸਲੋਕ ਵਿਚ ਪਾਖੰਡੀ ਪੰਡਤ ਦਾ ਹੀ ਨਿਰੂਪਣ ਕੀਤਾ ਹੈ । ਸਾਹਿਬ ਜੀ ਨੇ ਫੋਕਟ ਕਰਮੀ ਪੰਡਤ ਦਾ ਨਕਸ਼ਾ ਹੀ ਖਿਚ ਦਿੱਤਾ ਹੈ ਕਿ ਉਹ

ਪੁਸਤਕਾਂ ਵੀ ਵਾਦ-ਵਿਵਾਦ (ਬਹਿਸ) ਤੇ ਝਗੜੇ ਲਈ ਤੇ ਆਪਣੇ ਆਪ ਨੂੰ ਦੂਜੇ ਤੋਂ ਉੱਚਾ ਵਿਖਾਉਣ ਲਈ ਪੜ੍ਹਦਾ ਹੈ। ਮੂਰਤੀ ਪੂਜਾ ਤੇ ਉਸਦੀ ਸਮਾਧੀ ਵੀ ਵਿਖਾਵੇ ਦੀ ਤੇ ਬਗਲੇ ਨਿਆਈਂ ਹੁੰਦੀ ਹੈ। ਅਜਿਹੇ ਦਿਖਾਵੇ ਦੀ ਬਾਬਤ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਚਾਰ ਲਾਈਨਾਂ ਦਾ ਸਵੱਈਆ ਹੈ :

ਕਹਾਂ ਭਯੋ ਦੋ ਲੋਚਨ ਮੁੰਦ ਕੇ, ਬੈਠ ਰਿਹੋ ਬਗੁ ਧਿਆਨ ਲਗਾਇਓ।
ਨਾਹਤ ਫਿਰਓ ਸਾਤ ਸਮੁੰਦਰ ਲੋਕ ਗਿਯੋ ਪ੍ਰਲੋਕ ਗਵਾਓ।
ਬਹਿਸ ਕਿਯੋ ਬਖਯਾਨ ਸੋ ਬੈਠ ਕੇ ਐਸ ਹੀ ਐਸੇ ਕੋ ਬਹਿਸ ਬਤਾਓ।
ਸਾਚ ਕਹੋ ਸੁਣ ਲਿਯੋ ਸਭੈ ਜਿਨ ਪ੍ਰੇਮ ਕਿਯੋ ਤਿਨ ਹੀ ਪ੍ਰਭ ਭਾਇਓ।
(ਬਚਿਤ੍ਰ ਨਾਟਕ)

ਸੋ ਨਾਨਕ ਪਾਤਸ਼ਾਹ ਕਹਿੰਦੇ ਹਨ ਕਿ ਬਗੈਰ ਪ੍ਰੇਮਾ ਭਗਤੀ—ਗੁਰੂ ਸ਼ਬਦ ਤੇ ਨਿਸਚੇ ਤੋਂ ਸਤਿ ਮਾਰਗ ਪ੍ਰਾਪਤ ਨਹੀਂ ਹੋ ਸਕਦਾ।

## ਪਉੜੀ ੧੪

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ।
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ।
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ।
ਕਰਿ ਅਉਗਣ ਪਛੋਤਾਵਣਾ ॥੧੪॥

**ਵਿਆਖਿਆ:**—ਆਸਾ ਰਾਗ ਦੀ ਇਸ 14ਵੀਂ ਪਉੜੀ ਦਾ ਸਾਰ ਹੈ 'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ' ਤੇ ਅੰਤ ਵਿਚ ਫੁਰਮਾਇਆ ਹੈ 'ਕਰਿ ਅਉਗਣ ਪਛੋਤਾਵਣਾ' ਸੋ ਪਹਿਲੇ ਸਲੋਕ ਵਿਚ ਅਵਗੁਣੀ ਤੇ ਪਾਪ ਮਈ ਦਸ਼ਾ ਬਿਆਨ ਕੀਤੀ ਗਈ ਹੈ, ਸਿੰਮਲ ਦੇ ਰੁੱਖ ਦੀ ਮਿਸਾਲ ਦੇ ਕੇ, ਨਿਰਗੁਣਤਾ ਦੱਸੀ ਹੈ। ਦੂਜੇ ਵਿਚ ਅਵ-ਗੁਣਤਾ ਦਰਸਾਈ ਹੈ ਸ਼ਿਕਾਰੀ ਦੇ ਨਿਉਣ ਵਾਲਾ ਦ੍ਰਿਸ਼ਟਾਂਤ ਦੇ ਕੇ ਜੋ ਅਪਰਾਧ ਕਰਨ (ਜਾਨ ਲੈਣ) ਲਈ ਨੀਵਾਂ ਹੁੰਦਾ ਹੈ ਤੇ ਅੱਗੇ ਫੋਕਟ ਕਰਮ ਤੇ ਪਾਖੰਡ ਪਾਜ ਨੂੰ ਖੋਲ੍ਹਿਆ ਹੈ। ਸੋ ਸਵਾਲ ਪੈਦਾ ਹੋਇਆ ਕਿ ਅਵਗੁਣ ਦਾ ਅੰਤ ਕਿੰਜ ਹੈ, ਜਿਸ ਦੀ ਪੂਰਨਤਾ ਪਉੜੀ ਵਿਚ ਹੈ ਕਿ ਹਰ ਅਵਗੁਣ ਕਰਨ ਵਾਲਾ ਨੰਗਾ ਨਰਕਾਂ ਵਿਚ ਜਾਏਗਾ ਤੇ ਭਿਆਨਕ ਦੁਨੀਆਂ ਵਿਚ ਭਟਕਦਾ ਫਿਰੇਗਾ। ਓਥੇ ਕਿਸੇ ਦੀ ਸਿਫਾਰਸ਼ ਤੇ ਦਖਾਵਾ ਨਹੀਂ ਚਲ ਸਕਦਾ। ਦਰਗਾਹ ਵਿਚ ਪਛਤਾਉਣਾ ਪਵੇਗਾ। ਸੋ ਸੰਭਲ ਜਾ ਹੇ ਮਨੁੱਖ! ਚਿਤਾਵਨੀ ਦਿੱਤੀ ਹੈ ਇਸ ਪਉੜੀ ਵਿਚ ਸਾਹਿਬ ਜੀ ਨੇ, ਫਿਰ ਦਰਗਾਹ ਵਿਚ ਪਛਤਾਵਾ ਕਰੇਂਗਾ ਕਿ 'ਹਾਇ ਕਾਸ਼ ਨੂੰ ਅਵਗੁਣ ਵਾਲੇ ਕਰਮ ਕੀਤੇ!'

(ਚਲਦਾ)

# ਰਾਗ ਦੇ ਅਰਥ ਤੇ ਵਿਸ਼ੇਸ਼ਤਾ

—ਬੇਦੀ ਲਾਲ ਸਿੰਘ ਸਾਹਿਤਕਾਰ

ਗੁਰੂ ਘਰ ਵਿੱਚ 'ਰਾਗ' ਨੂੰ ਮਹਾਰਾਜ ਨੇ ਪ੍ਰਮੁੱਖ ਅਸਥਾਨ ਪ੍ਰਦਾਨ ਕੀਤਾ ਹੋਇਆ ਹੈ। ਪ੍ਰਸਿੱਧ ਵਿਦਵਾਨ ਰਜਨੀਸ਼ ਕਹਿੰਦਾ ਹੈ ਕਿ ਪ੍ਰਭੂ ਪ੍ਰਾਪਤੀ ਦੇ ਪੁਰਾਤਨ ਰਿਸ਼ੀਆਂ, ਮੁਨੀਆਂ, ਤਪੀਆਂ, ਜਪੀਆਂ, ਜੋਗੀਆਂ, ਸਿਧ ਸਾਧਕਾਂ ਨੇ ਵੱਖ ਵੱਖ ਸਾਧਨ ਦੱਸੇ ਹਨ ਜੋ ਬੜੇ ਕਠਿਨ ਹਨ ਜਿਵੇਂ ਧਰਤੀ ਦੇ ਅੰਦਰ ਚਾਲੀਏ ਕਟਣੇ, ਅੱਗ ਦੀਆਂ ਪੰਜ ਧੂਣੀਆਂ ਲਾ ਕੇ ਉਹਨਾਂ ਵਿਚ ਬਹਿ ਕੇ ਤਪ ਕਰਨਾ, ਬਾਰਾਂ ਬਾਰਾਂ ਸਾਲ ਖੜ੍ਹੇ ਰਹਿਣਾ ਮੋਨ ਧਾਰਨ ਕਰ ਛੱਡਣਾ, ਬਾਰਾਂ ਬਾਰਾਂ ਸਾਲ ਤੀਰਥ ਯਾਤਰਾ ਕਰਨਾ, ਹੋਮ ਯਗ ਕਰਨਾ, ਮੰਤ੍ਰਾਂ ਦੇ ਪਾਠ ਨਾਲ ਪ੍ਰਭੂ ਪ੍ਰਾਪਤੀ ਕਰਨਾ ਇਤਿਆਦਿ ਕਈ ਵੱਖ ਵੱਖ ਸਾਧਨ ਦੱਸੇ ਹਨ। ਉਪਰੋਕਤ ਸਾਰੇ ਸਾਧਨਾਂ ਨਾਲੋਂ ਮੈਂ ਗੁਰੂ ਨਾਨਕ ਦੇਵ ਜੀ ਦੀ ਸਾਧਨਾਂ ਸਰਵ ਸ੍ਰੇਸ਼ਟ, ਆਸਾਨ ਤੇ ਆਨੰਦਦਾਇਕ ਮੰਨਦਾ ਹਾਂ। ਉਨ੍ਹਾਂ ਨੇ ਤਪਾਂ ਦੀ ਥਾਂ ਰਾਗ ਨੂੰ ਅਪਨਾ ਕੇ ਉਸ ਨੂੰ ਅਮਲੀ ਰੂਪ ਦੇ ਕੇ ਜਨਤਾ ਨੂੰ ਤੇ ਦੁਨੀਆਂ ਭਰ ਦੀਆਂ ਮਹਾਨ ਹਸਤੀਆਂ ਨੂੰ ਬੜੇ ਸੁਚੱਜੇ ਢੰਗ ਨਾਲ ਦੱਸਿਆ ਕਿ ਪ੍ਰਭੂ ਦੀ ਪ੍ਰਾਪਤੀ ਅਸਲ ਵਿਚ ਉਸ ਦੇ ਗੁਣਾਂ ਦੇ ਗਾਇਨ ਵਿਚ ਹੀ ਅਭੇਦ ਹੈ। ਇਹ ਗੱਲ ਹੈ ਵੀ ਸੌ ਪ੍ਰਤੀਸ਼ਤ ਠੀਕ ਕਿ ਜਿੱਡੀ ਛੇਤੀ ਰਾਗ ਪਸ਼ੂ ਪੰਛੀਆਂ ਤੇ ਪ੍ਰਾਣੀਆਂ ਨੂੰ ਮੋਹਿਤ ਕਰ ਸਕਦਾ ਹੈ ਓਡੀ ਛੇਤੀ ਉਪਰੋਕਤ ਅੰਕਿਤ ਕੀਤੇ ਸਾਧਨ ਕਰਨ ਵਿਚ ਅਸਮਰਥ ਹਨ। ਇਹ ਗੱਲ ਅਤਿ ਕਥਨੀ ਨਹੀਂ ਸਗੋਂ ਹੱਥ ਦੀ ਤਲੀ ਤੇ ਸਰੋਂ ਜਮਾਨ ਦੇ ਤੁਲ ਹੈ। ਰਾਗ ਸੱਪਾਂ ਵਰਗੇ ਜ਼ਹਿਰੀਲੇ ਜਾਨਵਰਾਂ ਨੂੰ ਪਲ-ਚਿਨ ਵੱਸ ਕਰਨ ਵਿਚ ਸਮਰੱਥ ਹੈ। ਮੰਤਰ ਵੀ ਰਾਗ ਜਿੰਨੀ ਛੇਤੀ ਸੱਪਾਂ ਨੂੰ ਵੱਸ ਨਹੀਂ ਕਰ ਸਕਦੇ। ਏਸੇ ਗੱਲ ਨੂੰ ਗੁਰੂ ਨਾਨਕ ਦੇਵ ਜੀ ਨੇ ਮੁੱਖ ਰੱਖ ਕੇ ਪ੍ਰਭੂ ਨੂੰ ਗਾ ਕੇ ਹੀ ਧਿਆਉਣ ਦਾ ਸਾਧਨ ਵਰਤਿਆ ਤੇ ਜਨਤਾ ਨੂੰ ਵਰਤਣ ਦੀ ਪ੍ਰੇਰਣਾ ਦਿੱਤੀ ਹੈ। ਗੁਰੂ ਜੀ ਦੀ ਬਾਣੀ ਵਿਚ ਅਜਿਹੀ ਰਸ ਭਿੰਨੀ ਸ਼ਬਦਾਵਲੀ ਵਰਤੀ ਹੈ ਕਿ ਪ੍ਰਾਣੀ ਸੁਣਦੇ ਸਾਰ ਹੀ ਗੁਰੂ ਦਾ ਹੋ ਕੇ ਰਹਿ ਜਾਂਦਾ ਹੈ। ਆਪ ਜੀ ਦੇ ਕਲਾਮ ਨੂੰ ਸੱਚੀ ਬਾਣੀ ਨਾਲ ਸਤਿਕਾਰਿਆ ਤੇ ਮੰਨਿਆ ਜਾਂਦਾ ਹੈ। ਇਸੇ ਲਈ ਉਨ੍ਹਾਂ ਦੇ ਮੰਨਣ ਵਾਲਿਆਂ ਨੂੰ ਸਿੱਖ ਕਿਹਾ ਜਾਂਦਾ ਹੈ ਜੋ ਸਚ ਮੁੱਚ ਵਹਿਮਾਂ ਭਰਮਾਂ ਤੇ ਪੁਰਾਤਨ ਤਪਾਂ ਨੂੰ ਨਹੀਂ ਮੰਨਦੇ ਸਗੋਂ ਉਨ੍ਹਾਂ ਦੀ ਰਚੀ ਰੱਬੀ ਬਾਣੀ ਨੂੰ ਹੀ ਮੰਨਦੇ ਹਨ ਤੇ ਆਪਣੇ ਹਰ ਕਾਰਜ ਦੀ ਪੂਰਤੀ ਹਿਤ ਰਾਗ ਦੀ ਓਟ ਲੈਂਦੇ ਹਨ। ਮੈਂ ਇਸੇ ਕਰਕੇ ਦੁਨੀਆਂ ਭਰ ਦੇ ਅਵਤਾਰਾਂ, ਪੈਗੰਬਰਾਂ ਤੇ ਭਗਤਾਂ ਨਾਲੋਂ ਗੁਰੂ ਨਾਨਕ ਦੇਵ ਜੀ ਨੂੰ ਪ੍ਰਮੁੱਖਤਾ ਦੇਂਦਾ ਹਾਂ, ਜਿਨ੍ਹਾਂ ਨੇ ਕੇਵਲ ਤੇ ਕੇਵਲ ਇਕ ਹੀ ਪ੍ਰਭੂ ਨੂੰ ਮੰਨਣ ਤੇ ਸਾਰਾ ਜ਼ੋਰ ਦਿੱਤਾ ਹੈ।

ਸੋ ਇਸ ਲੇਖ ਵਿਚ ਅਸੀਂ ਕੇਵਲ ਰਾਗ ਸ਼ਬਦ ਦੇ ਅਰਥ ਤੇ ਉਸ ਦੀ ਅਹਿਮੀਅਤ ਨੂੰ ਪੇਸ਼ ਕਰਨ ਦਾ ਨਿਮਾਣਾ ਜਿਹਾ ਯਤਨ ਕਰਦੇ ਹਾਂ। ਸ਼ਬਦ ਹੈ 'ਰਾਗ' ਜੋ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਇਸ ਦੇ ਅਰਥ ਹਨ :

1, ਸੰਸਕ੍ਰਿਤ ਰੰਜਨ ਤੋਂ ਰੰਗਣਾ ਤੇ ਰੰਗ, 2. ਵਰਣਨ, 3. ਕਥਨ, 4. ਪ੍ਰੀਤ, 5. ਅਨੁਰਾਗ, 6. ਪ੍ਰੇਮ, 7. ਕ੍ਰੋਧ, 8. ਗੁੱਸਾ, 9. ਰਾਜਾ, 10. ਚੰਦਰਮਾ 11. ਸੂਰਜ, 12. ਕਵਚ, ਸੰਜੋਆ ਯਥਾ : 'ਕਹੂੰ ਟੱਪ ਟੂਟੇ ਕਹੂੰ ਰਾਗ ਭਾਰੀ' (ਚਰਿਤ੍ਰ ੧੨੦), 14 ਲੋਹੇ ਦੀਆਂ ਕੜੀਆਂ ਦਾ ਬੁਣਿਆ ਹੋਇਆ ਹੱਥ ਦਸਤਾਨਾ, 'ਚਿਲਤਰ ਰਾਗ ਸੰਜੋਵਾ ਡਾਰੈ' (ਪਾਰਜਾਣ), 15. ਸ਼ਿੰਗਾਰ, 16. ਸਜਾਵਟ, 17. ਸੰਗੀਤ ਵਿਦਿਆ ਅਨੁਸਾਰ ਸੁਰ ਪ੍ਰਬੰਧ, ਜਿਸ ਦੇ ਸੁਣਨ ਨਾਲ ਮਨ ਵਿਚ ਪ੍ਰੇਮ (ਰਾਗ) ਉਪਜੇ। ਰਾਗ ਦਾ ਮੂਲ ਰੂਪ ਸੰਗੀਤਕਾਰ ਇਸ ਤਰ੍ਹਾਂ ਲਿਖਦਾ ਹੈ :

ਪਰੇਮ ਸੰਗ ਧਵਨੀ ਵਿਸ਼ੇ ਵਸਤੂ ਸਵਰ ਵਰਸ਼ ਵਿਭੂਸ਼ਤਮ ॥
ਰਸ਼ਕੋ ਜਨ ਚਿਤਾਨਾਂ ਸ ਰਾਗ : ਰੋਇਤੀ ਬੁਪੈਡਮ ॥ (ਪੰਨਾ 1027)

ਭਾਵ ਖੜਜ, ਰਿਸ਼ਭ, ਗਾਂਧਾਰ, ਮਧਯਮ ਪੰਚਮ, ਧੰਵਤ ਅਤੇ ਨਿਸ਼ਾਦ ਇਹ ਸਤ ਸੁਰ ਰਾਗਾਂ ਦੇ ਸਾਰੇ ਹੀ ਮਤਾਂ ਨੇ ਮੰਨੇ ਹਨ। ਗੁਰੂ ਅਮਰਦਾਸ ਜੀ ਬਿਲਾਵਲ ਦੀ ਵਾਰ ਵਿਚ ਫੁਰਮਾਉਂਦੇ ਹਨ :

ਰਾਗ ਨਾਦ ਸਬਦਿ ਸੋਹਣੇ।

ਰਾਗਾਂ ਪ੍ਰਤੀ ਇਕ ਗੱਲ ਬੜੀ ਸੁ-ਪ੍ਰਸਿੱਧ ਹੈ ਕਿ ਦੇਸ਼ ਭੇਦ ਕਰਕੇ ਰਾਗਾਂ ਦੇ ਅਨੰਤ ਭੇਦ ਅਤੇ ਰੂਪ ਹਨ। ਕਈਆਂ ਨੇ ਭੈਰਵ, ਮਲਾਰ, ਸ੍ਰੀ ਰਾਗ, ਬਸੰਤ, ਹਿੰਦੋਲ ਅਤੇ ਦੀਪਕ ਵੀ ਪ੍ਰਧਾਨ ਰਾਗ ਮੰਨੇ ਹਨ। ਪਰ ਇਕ ਮਤ ਵਿਚ ਜੋ ਰਾਗ ਹੈ ਦੂਜੇ ਮਤ ਵਿਚ ਉਹ ਰਾਗਣੀ ਹੈ। ਇਸੇ ਹੀ ਤਰ੍ਹਾਂ ਕਈਆਂ ਨੇ ਰਾਗਣੀ ਨੂੰ ਰਾਗ ਮੰਨਿਆ ਹੈ ਤੇ ਨਾਵਾਂ ਵਿਚ ਕਾਫੀ ਅੰਤਰ ਹੈ ਸਰਗਮਾਂ ਵਿਚ ਦਿਨ-ਰਾਤ ਦਾ ਫਰਕ ਹੈ। ਪਰ ਇਹ ਗੜ-ਬੜ ਵੇਖ ਕੇ ਸਾਨੂੰ ਰਾਗਾਂ ਤੋਂ ਉਦਾਸ ਨਹੀਂ ਹੋਣਾ ਚਾਹੀਦਾ। ਸਤਿਗੁਰਾਂ ਨੇ ਜੋ ਰਾਗ ਦੇ ਉਤਮ ਨਿਯਮ ਬੰਨ੍ਹ ਦਿੱਤੇ ਹਨ, ਉਨ੍ਹਾਂ ਅਨੁਸਾਰ ਹੀ ਰਾਗ ਵਿਦਿਆ ਦਾ ਅਭਿਆਸ ਅਤੇ ਪ੍ਰਚਾਰ ਕਰਨਾ ਲੋੜੀਂਦੈ।

ਕਈ ਗ੍ਰੰਥ ਲਿਖਦੇ ਹਨ ਕਿ ਮਾਲਵ, ਮਲਾਰ, ਸ੍ਰੀ ਰਾਗ, ਬਸੰਤ, ਹਿੰਦੋਲ ਅਤੇ ਕਰਣਾਦ ਵੀ ਮੁੱਖ ਰਾਗ ਹਨ। ਭਰਤ ਦੇ ਮਤ ਅਨੁਸਾਰ ਮੁੱਖ ਰਾਗ ਭੈਰਵ, ਕੌਸ਼ਿਕ, ਹਿੰਦੋਲ, ਦੀਪਕ ਸ੍ਰੀ ਰਾਗ ਅਤੇ ਮੇਘ ਹਨ। ਹਨੂਮਾਨ ਮਤ ਦੇ ਆਧਾਰ ਤੇ ਇਹਨਾਂ ਰਾਗਾਂ ਦਾ ਕ੍ਰਮ ਇਸ ਪ੍ਰਕਾਰ ਹੈ ' ਸ੍ਰੀ ਰਾਗ, ਭੈਰਵ, ਮੇਘ, ਦੀਪਕ, ਮਾਲਕੌਂਸ ਤੇ ਹਿੰਦੋਲ।

ਵਿਦਵਾਨਾਂ ਨੇ ਰਾਗਾਂ ਦੇ ਤਿੰਨ ਮੁੱਖ ਭੇਦ ਮੰਨੇ ਹਨ —

1. ਔੜਵ (ਪੰਜ ਸੁਰ ਦੇ)
2. ਖਾੜਵ (ਛੇ ਸੁਰ ਦੇ)
3. ਸੰਪੂਰਨ (ਸਤ ਸੁਰ ਦੇ)

ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਸਰੂਪ ਡਾ. ਚਰਨ ਸਿੰਘ ਜੀ ਹੋਰਾਂ ਤਿੰਨ ਪ੍ਰਕਾਰ ਦੇ ਲਿਖੇ ਹਨ, ਜਿਹਨਾਂ ਦਾ ਵਿਸਤਾਰ ਉਨ੍ਹਾਂ ਦੀ ਪੁਸਤਕ 'ਬਾਣੀ ਬਿਓਰਾ' ਚੋਂ ਵੇਖਿਆ ਜਾ ਸਕਦਾ ਹੈ।

ਮੈਕਾਲਿਫ਼ ਜੀ ਨੇ 'ਸਿੱਖ ਰਿਲੀਜਨ' ਦੀ ਪੰਜਵੀਂ ਜਿਲਦ ਵਿਚ ਗੁਰਬਾਣੀ ਦੇ ਸਰੂਪ ਬੜੀ ਮਿਹਨਤ ਨਾਲ ਦਰਬਾਰ ਨਾਭਾ ਦੇ ਖਰਚ ਪਰ ਮਹੰਤ ਗੱਜਾ ਸਿੰਘ ਜੀ ਅਤੇ ਯੰਗ ਬੈਂਡ ਮਾਸਟਰ ਦੀ ਸਹਾਇਤਾ ਨਾਲ ਪੱਛਮੀ ਢੰਗ ਨਾਲ ਲਿਖੇ ਹਨ :

ਜਿਸ ਤੋਂ ਸੁਰਾਂ ਦੇ ਚਿੰਨ ਜਾਣਨ ਵਾਲਾ ਆਸਾਨੀ ਨਾਲ ਗਾ ਤੇ ਵਜਾ ਸਕਦਾ ਹੈ। (ਵੇਖੋ ਪੰਨਾ 333 ਤੇ 349)

ਸੰਗੀਤ ਸਾਸ਼ਤਰ ਨੇ ਰਾਗਾਂ ਦੇ ਤਿੰਨ ਭੇਦ ਇਸ ਤਰ੍ਹਾਂ ਦੱਸੇ ਹਨ।

ੳ) ਸ਼ੁੱਧ ਅ) ਛਾਯਾਲਿੰਗਤ ੲ) ਸੰਕੀਰਣ।

1) ਸ਼ੁੱਧ :- ਮੁੱਢ ਤੋਂ ਥਾਪੇ ਹੋਏ ਸੁਰ ਜਿਨ੍ਹਾਂ ਰਾਗਾਂ ਨੂੰ ਲਗਦੇ ਹਨ ਅਤੇ ਜਿਨ੍ਹਾਂ ਦੀ ਸ਼ਕਲ ਵਿਚ ਕੋਈ ਹੇਰ-ਫੇਰ ਨਹੀਂ ਹੋਇਆ, ਉਹ ਸ਼ੁੱਧ ਹਨ।

2) ਛਾਯਾਲਿੰਗਤ :—ਜਿਹਨਾਂ ਰਾਗਾਂ ਵਿੱਚ—ਦੂਸਰੇ ਰਾਗਾਂ ਦੇ ਸਰੂਪ ਦੀ ਕੁਝ ਝਲਕ ਪਾਈ ਜਾਂਦੀ ਹੈ, ਉਹ ਛਾਯਾਲਿੰਗਤ ਹਨ।

3) ਸੰਕੀਰਣ :—ਰਾਗਾਂ ਦੇ ਬਹੁਤੇ ਸੁਰ ਅਤੇ ਛਾਯਾਲਿੰਗਤ ਰਾਗਾਂ ਦੇ ਆਪੋ ਵਿਚ ਮਿਲਣ ਤੇ ਜੋ ਭੇਦ ਬਣਦੇ ਹਨ। ਉਹ ਸੰਕੀਰਣ ਕਹੇ ਜਾਂਦੇ ਹਨ। (ਮਹਾ ਮਾਈ ਦੁਰਗਾ)

ਕਈ ਸੰਗੀਤ ਗ੍ਰੰਥਾਂ ਵਿਚ ਦੋ ਹੀ ਭੇਦ ਲਿਖੇ ਹਨ :-1) ਮਾਰਗੀਯ 2) ਦੇਸ਼ੀਯ।

1) ਮਾਰਗੀਯ :—ਰਿਖੀਆਂ ਦੇ ਦੱਸੇ ਹੋਏ ਮਾਰਗ ਅਨੁਸਾਰ ਜਿਹੜੇ ਗਾਏ ਜਾਂਦੇ ਹਨ ਉਹ ਮਾਰਗੀਯ ਹਨ।

2. ਦੇਸੀਯ :— ਦੇਸ ਚਾਲ ਅਤੇ ਮਤ ਭੇਦ ਕਰਕੇ ਜੋ ਬਣ ਗਏ ਹਨ ਉਹ ਦੇਸੀਯ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗ ਲਿਖੇ ਹਨ : 1. ਸ੍ਰੀ ਰਾਗ 2, ਮਾਝ 3. ਗੌੜੀ 4. ਆਸਾ 5. ਗੁਜਰੀ 6. ਦੇਵ ਗੰਧਾਰੀ 7. ਬਿਹਾਗੜਾ 8. ਵਡਹੰਸ 9. ਸੋਰਠ 10. ਧਨਾਸਰੀ 11. ਜੈਤਸਰੀ 12. ਟੋਡੀ 13. ਬੈਰਾਵੀ 14. ਤਿਲੰਗ 15. ਸੂਹੀ 16. ਬਿਲਾਵਲ 17. ਗੌੜ 18. ਰਾਮਕਲੀ 19. ਨਟ 20. ਮਾਲੀ ਗੌੜਾ 21. ਮਾਰੂ 22. ਤੁਖਾਰੀ 24. ਭੈਰਉ 25. ਬਸੰਤ 26. ਸਾਰੰਗ 27. ਮਲਾਰ, 28. ਕਾਨੜ 29. ਕਲਿਆਣ 30. ਪ੍ਰਭਾਤੀ 31. ਜੈਜਾਵੰਤੀ।

ਵਾਸਤਵ ਵਿਚ ਗੁਰਮਤਿ ਵਿਚ ਕਰਤਾਰ ਦੇ ਗੁਣਾਂ ਦਾ ਕੀਰਤਨ ਧਰਮ ਦਾ ਇਕ ਅੰਗ ਹੈ ਯਥਾ :

'ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨੁ ਰਾਗ ਰਤਨ ਰਸਨਾ ਆਲਾਪ'

(ਬਿਲਾਵਲ ਮਹਲਾ ੫)

ਇਸਲਾਮ ਮਤ ਵਿਚ ਰਾਗ ਸੁਰਾਂ ਦੇ ਵਿਰੁੱਧ ਹੈ। ਕਵੀ ਲਿਖਦਾ ਹੈ ਕਿ ਮੈਂ ਇਕ ਵਾਰ ਇਮਾਮ ਉਮਰ ਦੇ ਨਾਲ ਜਾ ਰਿਹਾ ਸੀ ਕਿ ਰਾਗ ਦੀ ਆਵਾਜ਼ ਆਈ। ਅਮਾਮ

ਜੀ ਨੇ ਝਟ ਕੰਨਾਂ ਵਿਚ ਉਂਗਲਾਂ ਦੇ ਲਈਆਂ। ਉਹ ਲਿਖਦਾ ਹੈ ਕਿ ਮੈਂ ਅਮਾਮ ਸਾਹਿਬ ਨੂੰ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਕ ਵਾਰ ਦੀ ਗੱਲ ਹੈ ਕਿ ਮੈਂ ਹਜ਼ਰਤ ਮੁਹੰਮਦ ਸਾਹਿਬ ਨਾਲ ਜਾ ਰਿਹਾ ਸੀ। ਇਸੇ ਤਰ੍ਹਾਂ ਰਾਗ ਦੀ ਆਵਾਜ ਆਈ ਤਾਂ ਉਨ੍ਹਾਂ ਝਟ ਕੰਨ ਬੰਦ ਕਰ ਲਏ ਸਨ। (ਦੇਖੋ ਮਿਸ਼ਕਾਤ) ਪਰ ਯਹੂਦੀਆਂ ਤੇ ਈਸਾਈਆਂ ਵਿਚ ਰਾਗ ਦਾ ਨਿਸ਼ੇਧ ਨਹੀਂ ਹੈ। ਸਗੋਂ ਕੀਰਤਨ ਅਤੇ ਨਿਰਤਯ ਭਗਤੀ ਦਾ ਅੰਗ ਹੈ। (ਦੇਖੋ ਜ਼ੱਬੂਰ) The Psalms of Devid) ਰਾਗ ਨੂੰ ਭਲੀ ਪ੍ਰਕਾਰ ਜਾਣਨ ਤੇ ਸਮਝਣ ਲਈ ਸੂਰ, ਸੁਰਤ ਠਾਠ ਅਤੇ ਮੂਰਛਨਾ ਦਾ ਗਿਆਨ ਹੋਣਾ ਅਤਿ ਜ਼ਰੂਰੀ ਹੈ। ਇਹਨਾਂ ਦੇ ਜਾਣੇ ਬਿਨ੍ਹਾਂ ਵਿਅਕਤੀ ਰਾਗ ਨੂੰ ਸਮਝ ਨਹੀਂ ਸਕਦਾ। ਇਹ ਸਨ ਉਪਰੋਕਤ ਲਿਖੇ ਰਾਗ ਦੇ ਅਰਥ।

ਹੁਣ ਰਾਗ ਦੀਆਂ ਵਿਸ਼ੇਸ਼ਤਾਈਆਂ ਦਾ ਜ਼ਿਕਰ ਕਰਾਂਗੇ। ਰਾਗ ਪ੍ਰਤੀ ਸਚ ਤਾਂ ਇਹ ਹੈ ਕਿ ਰੂਹ ਦੇ ਖੇੜੇ ਦੀ ਸਰਵ ਸ੍ਰੇਸ਼ਟ ਖੁਰਾਕ ਹੈ।

* ਰਾਗ ਪ੍ਰਭੂ ਦੇ ਰੂਪ ਦਾ ਇਕ ਝਲਕਾਰਾ ਹੈ
* ਰਾਗ ਰੂਹਾਨੀਅਤ ਦਾ ਸਰ ਚਸ਼ਮਾ ਸੰਬਾਹ ਤੇ ਪਵਿੱਤਰ ਸਰੋਤ ਹੈ।
* ਰਾਗ ਪ੍ਰਭੂ ਨਾਲ ਜੁੜਨ ਦਾ ਸਭ ਤੋਂ ਪਵਿਤਰ ਸਾਧਨ ਹੈ।
* ਰਾਗ ਸਰੋਤਿਆਂ ਦੇ ਦਿਲ ਤੇ ਦਿਮਾਗ ਦੋਹਾਂ ਤੇ ਅਸਰ ਦਾਇਕ ਹੁੰਦਾ ਹੈ।
* ਰਾਗ ਪ੍ਰਾਣੀ ਦੇ ਧੁਰ ਅੰਦਰ ਜਾ ਕੇ ਆਪਣਾ ਸਦੀਵੀ ਅਸਰ ਛੱਡਦਾ ਹੈ।
* ਰਾਗ ਸਰੋਤਿਆਂ ਨੂੰ ਇਕ ਵਜਦ (ਮਸਤੀ) ਦੀ ਦਸ਼ਾ ਵਿਚ ਲੈ ਜਾਂਦਾ ਹੈ।
* ਰਾਗ ਜ਼ਹਿਰੀਲੇ ਜਾਨਵਰਾਂ ਨੂੰ ਵੱਸ ਕਰਨ ਵਿਚ ਸਮਰਥ ਹੈ।
* ਰਾਗ ਪਸ਼ੂਆਂ, ਚੂਹਿਆਂ, ਹਰਣਾਂ ਆਦਿ ਨੂੰ ਵੀ ਅਜਿਹਾ ਮੋਹਿਤ ਕਰਦਾ ਹੈ ਕਿ ਉਹ ਇਸ ਦੇ ਵਸ ਹੋ ਕੇ ਆਪਾ ਵਾਰ ਦਿੰਦੇ ਹਨ।
* ਰਾਗ ਸਰੋਤਿਆਂ ਦੀ ਭਗਤੀ ਦਾ ਮੁੱਖ ਸਾਧਨ ਹੈ
* ਰਾਗ ਮੋਈਆਂ ਰੂਹਾਂ ਨੂੰ ਸੁਰਜੀਤ ਕਰਨ ਵਿਚ ਸਮਰੱਥ ਹੈ।
* ਰਾਗ ਜਦ ਗਾਇਆ ਜਾਂਦਾ ਹੈ ਤਾਂ ਸਰੋਤਿਆਂ ਦੇ ਮਨਾਂ ਵਿਚ ਪ੍ਰੇਮ ਪੈਦਾ ਕਰਦਾ ਹੈ।
* ਰਾਗ ਕਈ ਰੋਗਾਂ ਦੇ ਦੂਰ ਕਰਨ ਵਿਚ ਸਮਰੱਥ ਹੈ।
* ਰਾਗ ਆਪਣੇ ਅੰਦਰ ਇਕ ਮਹਾਨ ਸੱਤਾ ਰੱਖਦਾ ਹੈ। ਜਿਸ ਦੇ ਆਧਾਰ ਤੇ ਬੁਝੇ ਹੋਏ ਦੀਵਿਆਂ ਨੂੰ ਨਵੀਂ ਲੋਅ ਦੇ ਕੇ ਸੁਰਜੀਤ ਕਰ ਦੇਂਦਾ ਹੈ।
* ਰਾਗ ਮੇਘ (ਬਦਲ) ਨੂੰ ਛਮ ਛਮ ਮੁਸਲਾਧਾਰ ਵਰ੍ਹਨ ਤੇ ਮਜ਼ਬੂਰ ਕਰ ਦਿੰਦਾ ਹੈ।

# ਰਾਗ ਮਲਾਰ

—ਕਰਨਬੀਰ ਕੌਰ

ਆਦਿ ਕਾਲ ਤੋਂ ਹੀ ਮਨੁੱਖ ਦਾ ਕੁਦਰਤ ਨਾਲ ਅਟੁੱਟ ਸਬੰਧ ਰਿਹਾ ਹੈ ! ਸਾਵਣ ਭਾਦੋਂ ਵਿਚ ਬੱਦਲਾਂ ਦਾ ਗੱਜਣਾ, ਬਿਜਲੀਆਂ ਦਾ ਚਮਕਣਾ, ਰਿਮਝਿਮ ਕਰਕੇ ਮੀਂਹ ਦਾ ਵੱਸਣਾ, ਮੋਰ ਪਪੀਹੇ ਦਾ ਬੋਲਣਾ, ਹਰ ਮਨੁੱਖੀ ਮਨ ਨੂੰ ਵਾਹਿਗੁਰੂ ਦੀ ਯਾਦ ਦਿਵਾਉਂਦਾ ਹੈ। ਅਜਿਹੇ ਸਮੇਂ ਵਿਚ ਰਾਗ ਮਲਾਰ ਵਿਚ ਗਾਈ ਉਸ ਪ੍ਰਭ ਦੀ ਸਿਫਤ ਸਾਲਾਹ ਹਰ ਜੀਵ ਦੇ ਹਿਰਦੇ ਨੂੰ ਠੰਢ ਦਿੰਦੀ ਹੈ ! ਸ੍ਰੀ ਗੁਰੂ ਅਮਰਦਾਸ ਜੀ ਰਾਗ ਮਲਾਰ ਬਾਰੇ ਇਸ ਤਰ੍ਹਾਂ ਫੁਰਮਾਉਂਦੇ ਹਨ :—

'ਗੁਰਮੁਖਿ ਮਲਾਰ ਰਾਗੁ ਜੋ ਕਰਹਿ, ਤਿਨ ਤਨੁ ਮਨੁ ਸੀਤਲ ਹੋਇ ।'

(ਮ: ੩ ਵਾਰ ਮਲਾਰ)

ਭਾਰਤੀ ਸੰਗੀਤ ਦੇ ਬਹੁਤ ਸਾਰੇ ਰਾਗਾਂ ਦਾ ਸੰਬੰਧ ਰੁੱਤਾਂ ਨਾਲ ਹੈ। ਕੁਝ ਅਜਿਹੇ ਰਾਗ ਹਨ ਜਿਹੜੇ ਵਿਸ਼ੇਸ਼ ਰੁੱਤ ਵਿਚ ਹਰ ਸਮੇਂ ਗਾਏ ਅਤੇ ਵਜਾਏ ਜਾਂਦੇ ਹਨ ਜਿਵੇਂ ਬਸੰਤ ਰੁੱਤ ਵਿਚ ਰਾਗ ਬਸੰਤ, ਅਤੇ ਵਰਖਾ ਰੁੱਤ ਵਿਚ ਰਾਗ ਮਲਾਰ। ਰਾਗ ਮਲਾਰ ਰੁੱਤ ਦਾ ਬੜਾ ਪ੍ਰਸਿੱਧ ਅਤੇ ਲੋਕ ਪ੍ਰਿਯ ਰਾਗ ਹੈ। ਮਹਾਨ ਕਲਾਕਾਰਾਂ ਦੀ ਮਿਹਨਤ ਸਦਕਾ ਰਾਗ ਮਲਾਰ ਦੇ ਕਈ ਪ੍ਰਕਾਰ ਹੋਂਦ ਵਿਚ ਆਏ ਜਿਵੇਂ :—ਮੀਆਂ ਮਲਾਰ, ਮੇਘ ਮਲਾਰ, ਜੈਅੰਤ ਮਲਾਰ, ਰਾਮਦਾਸੀ ਮਲਾਰ, ਨਟ ਮਲਾਰ, ਦੇਸ ਮਲਾਰ, ਸੂਰਦਾਸੀ ਮਲਾਰ, ਸੋਰਠ ਮਲਾਰ, ਗੌਂਡ ਮਲਾਰ ਆਦਿ।

ਸੰਗੀਤ ਸ਼ਾਸਤਰੀਆਂ ਨੇ ਰਾਗ ਮਲਾਰ ਦੀ ਉਤਪਤੀ ਥਾਟ ਕਾਫੀ ਤੋਂ ਮੰਨੀ ਹੈ। ਇਸ ਰਾਗ ਦਾ ਵਾਦੀ ਸਵਰ ਸ਼ੜਜ ਅਤੇ ਸੰਵਾਦੀ ਸਵਰ ਪੰਚਮ ਮੰਨਿਆ ਜਾਂਦਾ ਹੈ। ਵੈਸੇ ਤਾਂ ਗਾਇਨ ਅਤੇ ਵਾਦਨ ਸਮਾਂ ਅੱਧੀ ਰਾਤ ਹੈ ਪਰ ਵਰਖਾ ਰੁੱਤ ਵਿਚ ਇਸ ਨੂੰ ਹਰ ਸਮੇਂ ਗਾਇਆ ਅਤੇ ਵਜਾਇਆ ਜਾ ਸਕਦਾ ਹੈ ਇਸ ਲਈ ਇਸ ਨੂੰ 'ਮੌਸਮੀ ਰਾਗ' ਕਹਿੰਦੇ ਹਨ। ਮਲਾਰ ਦੀ ਜਾਤੀ ਵਿਚ ਕੁਝ ਸੰਗੀਤਕਾਰਾਂ ਦੇ ਅਲੱਗ-ਅਲੱਗ ਮਤ ਹਨ। ਕੋਈ ਸੰਪੂਰਨ, ਸੰਪੂਰਨ ਸ਼ਾੜਵ ਅਤੇ ਕੋਈ ਸ਼ਾੜਵ-ਸੰਪੂਰਨ ਮੰਨਦੇ ਹਨ ਪਰ ਇਸ ਰਾਗ ਦੀ ਜਾਤੀ ਵਕਰ-ਸੰਪੂਰਨ ਮੰਨਣਾ ਜ਼ਿਆਦਾ ਉਚਿਤ ਲੱਗਦਾ ਹੈ। ਇਸ ਰਾਗ ਵਿਚ ਦੋਨੋਂ ਨਿਸ਼ਾਦ ਦਾ ਪ੍ਰਯੋਗ ਕਰਨਾ ਮਲਾਰ ਦੀ ਨਿਜੀ ਵਿਸ਼ੇਸ਼ਤਾ ਜਿਵੇਂ :—ਮ ਪ ਨ੍ਹੀ, ਧ ਨੀ ਸਂ। ਕਦੀ ਕਦੀ ਦੋਨੋ ਨਿਸ਼ਾਦ ਇਕੱਠੇ ਵੀ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਵਿਚ ਕੋਮਲ ਗੰਧਾਰ ਦਾ ਬਹੁਤ ਮਹੱਤਵ ਹੈ। ਇਸ ਰਾਗ ਵਿਚ ਕੋਮਲ ਗੰਧਾਰ ਦਰਬਾਰੀ ਕਾਨੜਾ ਦੇ ਕੋਮਲ ਗੰਧਾਰ ਵਾਂਗ ਅੰਦੋਲਿਤ ਤਾਂ ਹੁੰਦਾ ਹੈ ਪਰ ਫਿਰ ਵੀ ਦੋਨਾਂ ਰਾਗਾਂ ਦੇ ਗੰਧਾਰ ਵਿਚ ਬਹੁਤ ਅੰਤਰ ਹੈ। ਮਲਾਰ ਵਿਚ ਗੰਧਾਰ ਮਧਮ ਦਾ ਸਪਰਸ਼ ਕਰਦੇ ਹੋਏ ਅੰਦੋਲਿਤ ਹੁੰਦਾ ਹੈ ਜਦ ਕਿ ਦਰਬਾਰੀ ਕਾਨੜਾ ਵਿਚ ਗੰਧਾਰ ਰਿਸ਼ਭ ਦਾ ਸਪਰਸ਼ ਕਰਕੇ। ਬਾਕੀ ਸਵਰ ਸ਼ੁਧ ਲੱਗਦੇ ਹਨ। ਇਸ ਰਾਗ ਦੀ

ਪ੍ਰਾਕ੍ਰਿਤੀ ਗੰਭੀਰ ਹੈ ਅਤੇ ਭਗਤੀ ਰਸ ਦੀ ਪ੍ਰਧਾਨਤਾ ਹੈ। ਇਸ ਰਾਗ ਦਾ ਸਮ ਪ੍ਰਾਕ੍ਰਿਤਕ ਰਾਗ 'ਬਹਾਰ' ਹੈ। ਇਸ ਰਾਗ ਦੇ ਨਿਆਸ ਸਵਰ ਸ, ਰੇ ਪ, ਨੀ ਹਨ। ਇਸ ਰਾਗ ਦੀਆਂ ਵਿਸ਼ੇਸ਼ ਸਵਰ ਸੰਗਤੀਆਂ ਇਸ ਪ੍ਰਕਾਰ ਹਨ :—

1. ਮ਼ ਪ਼ ਨ਼ੀ਼, ਧ਼ ਨ਼ੀ ਸ
2. ਸ ਮ ਰੇ ਪ
3, ਧ ਨ਼ੀ, ਧ ਨੀ, ਸਂ, ਧ ਨ਼ੀ ਮ ਪ
4. ਧ ਨੀ ਸਂ, ਨ਼ੀ ਪ, ਮ਼, ਗ਼ ਮ ਰੇ ਸ

ਸਵਰਾਂ ਦਾ ਅਧਿਐਨ :—

ਸ—
ਰੇ - ਦੋਨੋਂ ਤਰਾਂ ਦਾ ਬਹੁਤਵ
ਗ —ਅਰੋਹ ਵਿਚ ਲੰਘਨ ਅਲਪਤਵ ਅਤੇ ਅਵਰੋਹ ਵਿਚ ਅਲੰਘਨ ਬਹੁਤਵ
ਮ —ਅਲੰਘਨ ਬਹੁਤਵ
ਪ - ਦੋਨੋਂ ਤਰ੍ਹਾਂ ਦਾ ਬਹੁਤਵ
ਧ —ਅਰੋਹ ਵਿਚ ਅਲੰਘਨ ਬਹੁਤਵ ਅਤੇ ਅਵਰੋਹ ਵਿਚ ਅਲੰਘਨ ਅਲਪਤਵ
ਨੀ – ਦੋਨੋਂ ਤਰ੍ਹਾਂ ਦਾ ਬਹੁਤਵ (ਅਲੰਘਨ ਅਤੇ ਅਭਿਆਸ)

# ਤਾਲ ਦਾਦਰਾ

ਤਾਲ ਦਾਦਰਾ ਵਿਚ ਛੇ ਮਾਤਰਾਵਾਂ ਹੁੰਦੀਆਂ ਹਨ। ਇਸ ਤੇ ਤਿੰਨ ਤਿੰਨ ਮਾਤਰਾਵਾਂ ਦੇ ਅੰਗ ਹੁੰਦੇ ਹਨ। ਪਹਿਲੀ ਮਾਤਰਾ ਤੇ ਸਮ ਅਤੇ ਚੌਥੀ ਮਾਤਰਾ ਤੇ ਖਾਲੀ ਹੁੰਦੀ ਹੈ। ਇਹ ਤਾਲ ਹਲਕੇ ਫੁਲਕੇ ਗਾਣੇ, ਭਜਨ, ਸ਼ਬਦ ਆਦਿਕ ਦੇ ਨਾਲ ਵਜਾਇਆ ਜਾਂਦਾ ਹੈ।

| ਮੱਧ ਲੈਅ | ਤਾਲ ਦਾਦਰਾ | | | ਇੱਕ ਗੁਣ | | |
|---|---|---|---|---|---|---|
| ਮਾਤਰਾ | 1 | 2 | 3 | 4 | 5 | 6 |
| ਤਾਲ ਦੇ ਬੋਲ | ਧਾ | ਧਿੰ | ਨਾ | ਧਾ | ਤਿੰ | ਨਾ |
| ਤਾਲ ਚਿੰਨ੍ਹ | x | | | 0 | | |

ਸ਼ਬਦ ਸੁਰ ਲਿਪੀ ਰਾਗ ਮਲਾਰ

**ਆਰੋਹ** :—ਸ ਮ, ਰੇ ਪ, ਮ ਪ ਨ਼ੀ ਧ ਨੀ ਸਂ
**ਅਵਰੋਹ** :—ਸਂ, ਧ ਨ਼ੀ ਮ ਪ, ਗ਼, ਗ਼ ਮ ਰ ਸ
**ਪਕੜ** :—ਸ ਨ਼ੀ ਪ਼ ਮ਼ ਪ਼, ਨ਼ੀ ਧ਼ ਨ਼ੀ ਸ, ਮ, ਰੇ, ਪ ਗ਼ ਗ਼ ਮ ਰ ਸ।

(ਬਾਕੀ ਅੰਤਰੇ ਇਸੇ ਪ੍ਰਕਾਰ ਹਨ)

# ਸ਼ਬਦ

(ਭਗਤ ਨਾਮ ਦੇਵ ਜੀਓ) (1292—93)

ਮੋ ਕਉ ਤੂੰ ਨ ਬਿਸਾਰਿ, ਤੂ ਨ ਬਿਸਾਰਿ ॥
ਤੂ ਨ ਬਿਸਾਰੇ ਰਾਮਈਆ ॥੧॥ ਰਹਾਉ ॥
ਆਲਾਵੰਤੀ ਇਹੁ ਭ੍ਰਮੁ ਜੋ ਹੈ, ਮੁਝ ਊਪਰਿ ਸਭ ਕੋਪਿਲਾ ॥
ਸੂਦੁ ਸੂਦੁ ਕਰਿ ਮਾਰਿ ਉਠਾਇਓ, ਕਹਾ ਕਰਉ ਬਾਪ ਬੀਠੁਲਾ ॥੧॥
ਮੂਏ ਹੂਏ ਜਉ ਮੁਕਤਿ ਦੇਹੁਗੇ, ਮੁਕਤਿ ਨ ਜਾਨੈ ਕੋਇਲਾ ॥
ਏ ਪੰਡੀਆ ਮੋ ਕਉ ਢੇਢ ਕਹਤ, ਤੇਰੀ ਪੈਜ ਪਿਛੰਉਡੀ ਹੋਇਲਾ ॥੨॥
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ, ਅਤਿਭੁਜ ਭਇਓ ਅਪਾਰਲਾ ॥
ਫੇਰਿ ਦੀਆ ਦੇਹੁਰਾ ਨਾਮੇ ਕਉ, ਪੰਡੀਅਨ ਕਉ ਪਿਛਵਾਰਲਾ ॥੩॥੨॥

ਅਰਥ :—ਹੇ ਸੁਹਣੇ ਰਾਮ ! ਮੈਨੂੰ ਤੂੰ ਨ ਵਿਸਾਰੀਂ; ਮੈਨੂੰ ਤੂੰ ਨ ਭੁਲਾਈਂ; ਮੈਨੂੰ ਤੂੰ ਨ ਵਿਸਾਰੀਂ ॥੧॥ ਰਹਾਉ ॥

(ਇਹਨਾਂ ਪਾਂਡਿਆਂ ਨੂੰ) ਇਹ ਵਹਿਮ ਹੈ ਕਿ ਇਹ ਉੱਚੀ ਜਾਤ ਵਾਲੇ ਹਨ, (ਇਸ ਕਰਕੇ ਇਹ) ਸਾਰੇ ਮੇਰੇ ਉੱਤੇ ਗੁੱਸੇ ਹੋ ਗਏ ਹਨ ; ਸ਼ੂਦਰ ਸ਼ੂਦਰ ਆਖ ਆਖ ਕੇ ਤੇ ਮਾਰ-ਕੁਟਾਈ ਕਰਕੇ ਮੈਨੂੰ ਇਹਨਾਂ ਨੇ ਉਠਾਲ ਦਿੱਤਾ ਹੈ ; ਹੇ ਮੇਰੇ ਬੀਠੁਲ ਪਿਤਾ ! ਇਹਨਾਂ ਅੱਗੇ ਮੇਰੀ ਇਕੱਲੇ ਦੀ ਪੇਸ਼ ਨਹੀਂ ਜਾਂਦਾ ।੧।

ਜੇ ਤੂੰ ਮੈਨੂੰ ਮਰਨ ਪਿੱਛੋਂ ਮੁਕਤੀ ਦੇ ਦਿੱਤੀ, ਤੇਰੀ ਦਿੱਤੀ ਹੋਈ ਮੁਕਤੀ ਦਾ ਕਿਸੇ ਨੂੰ ਪਤਾ ਨਹੀਂ ਲੱਗਣਾ, ਇਹ ਪਾਂਡੇ ਮੈਨੂੰ ਨੀਚ ਆਖ ਰਹੇ ਹਨ, ਇਸ ਤਰ੍ਹਾਂ ਤਾਂ ਤੇਰੀ ਆਪਣੀ ਹੀ ਇੱਜ਼ਤ ਘੱਟ ਰਹੀ ਹੈ (ਕੀ ਤੇਰੀ ਬੰਦਗੀ ਕਰਨ ਵਾਲਾ ਕੋਈ ਬੰਦਾ ਨੀਚ ਰਹਿ ਸਕਦਾ ਹੈ ?) ।੨।

(ਹੇ ਸੁਹਣੇ ਰਾਮ !) ਤੂੰ ਤਾਂ (ਸਭਨਾਂ ਉੱਤੇ, ਚਾਹੇ ਕੋਈ ਨੀਚ ਕੁਲ ਦਾ ਹੋਵੇ ਚਾਹੇ ਉੱਚੀ ਕੁਲ ਦਾ) ਦਇਆ ਕਰਨ ਵਾਲਾ ਹੈਂ; ਤੂੰ ਮਿਹਰ ਦਾ ਘਰ ਹੈਂ, (ਫਿਰ ਤੂੰ) ਹੈਂ ਭੀ ਬੜਾ ਬਲੀ ਤੇ ਬੇ ਅੰਤ । (ਕੀ ਤੇਰੇ ਸੇਵਕ ਉੱਤੇ ਕੋਈ ਤੇਰੀ ਮਰਜ਼ੀ ਤੋਂ ਬਿਨਾਂ ਧੱਕਾ ਕਰ ਸਕਦਾ ਹੈ ?) (ਮੇਰੀ ਨਾਮਦੇਵ ਦੀ ਅਰਜ਼ੋਈ ਸੁਣ ਕੇ ਪ੍ਰਭੂ ਨੇ) ਦੇਹੁਰਾ ਮੈਂ ਨਾਮਦੇਵ ਵਲ ਫੇਰ ਦਿੱਤਾ, ਤੇ ਪਾਂਡਿਆਂ ਵਲ ਪਿੱਠ ਹੋ ਗਈ ॥੩॥੨॥

| ਤਾਲ ਦਾਦਰਾ | | | ਮਧ ਲੈਅ | | |
|---|---|---|---|---|---|
| 1 | 2 | 3 | 4 | 5 | 6 |
| ਸਥਾਈ :— | | | | ਪ | ਪ |
| | | | | ਮੋ | ਕਉ |
| ਗੁ | ਮ | —ਰੇ | ਸ | — | ਸ |
| ਤੂੰ | ਨ | ऽਬਿ | ਸਾ | ऽ | ਰਿ |
| ਨ | ਧ | —ਨੀ | ਸ | — | ਸ |
| ਤੂ | ਨ | ऽਬਿ | ਸਾ | ऽ | ਰਿ |
| ਮ | ਰੇ | —ਰੇ | ਪ | ਮਪ | ਨੀ |
| ਤੂ | ਨ | ऽਬਿ | ਸਾ | ਰੇऽ | ऽ |
| ਗੁ | ਮ | ਰੇ | ਸ | | |
| ਰਾ | ऽ | ਮਈ | ਆ | | |
| x | | | 0 | | |
| ਅੰਤਰਾ :— | | | | | |
| ਮ | ਮ | — | ਨੀਧ | ਨੀ | — |
| ਆ | ਲਾ | ऽ | ਵੰऽ | ਤੀ | ऽ |
| ਸੰ | ਸੰ | ਸੰ | ਰੇਂਨੀ | ਸੰ | — |
| ਇਹੁ | ਭੂ | ਮ | ਜੋਂऽ | ਹੈ | ऽ |
| ਨੀ | ਧ | — | ਨੀ | ਸੰ | ਸੰ |
| ਮੁਝਿ | ਉ | ऽ | ਪਰਿ | ਸ | ਭ |
| ਸੰਰੇਂ | ਨੀਸੰ | ਧਨੀ | ਧ | ਪ | — |
| ਕੋऽ | ऽऽ | ऽਪਿ | ਲਾ | ऽ | ऽ |
| ਗੰ | ਗੰ | —ਗੰ | —ਮੰ | ਰੇਂ | ਸੰ |
| ਸੂ | ਦੁ | ऽਸੂ | ऽਦੁ | ਕ | ਰਿ |
| ਨੀ | ਧ | —ਨੀ | ਨੀਨੀ | ਸੰ | — |
| ਮਾ | ਰਿ | ऽਉ | ਠਾਇ | ਓ | ऽ |
| ਸੰ | ਨੀ | —ਪ | ਗੁਗੁ | ਗੁ | ਮ |
| ਕ | ਹਾ | ऽਕ | ਰਉ | ਬਾ | ਪ |
| ਰੇ | — | —ਰੇ | ਸ | | |
| ਬੀ | ऽ | ऽਠੁ | ਲਾ | | |
| x | | | 0 | | |

# ਗੁਰਬਾਣੀ ਸੰਗੀਤ ਅਤੇ ਗੁਰਮਤਿ ਸਮਾਚਾਰ

## ਵਿਸਮਾਦ ਨਾਦ ਵੱਲੋਂ ਅਦੁੱਤੀ ਤੋਹਫਾ

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ, ਲੁਧਿਆਣੇ ਵਿਖੇ ਅਕਤੂਬਰ 1991 ਨੂੰ ਅਦੁੱਤੀ ਗੁਰਮਤ ਸੰਗੀਤ ਸੰਮੇਲਨ ਵਿਚ ਉਚਕੋਟੀ ਦੇ ਕੀਰਤਨੀਆ ਅਤੇ ਸੰਗੀਤਕਾਰਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਕੱਤੀ ਮੁੱਖ ਰਾਗਾਂ ਵਿਚ ਬਾਣੀ ਦਾ ਗਾਇਨ ਕੀਤਾ ਸੀ। ਗੁਰਬਾਣੀ ਸੰਗੀਤ ਦੀ ਇਸ ਮਹਾਨ ਪੱਧਤੀ ਦੀ ਸੰਭਾਲ ਅਤੇ ਪ੍ਰਚਾਰ ਵਾਸਤੇ ਆਡਿਓ ਅਤੇ ਵੀਡਿਓ ਰਿਕਾਰਡਿੰਗ ਵੀ ਕੀਤੀ ਗਈ ਸੀ।

ਸੰਤ ਬਾਬਾ ਸੁੱਚਾ ਸਿੰਘ ਦੀ ਸਰਪ੍ਰਸਤੀ ਹੇਠ ਵਿਸਮਾਦ ਨਾਦ ਸੰਸਥਾ ਸਥਾਪਤ ਕਰਕੇ ਆਡਿਓ-ਵੀਡਿਓ ਕੈਸਟਾਂ ਨੂੰ ਆਮ ਸਰੋਤਿਆਂ ਤਕ ਪਹੁੰਚਾਉਣ ਦਾ ਉਤਮ ਉਪਰਾਲਾ ਆਰੰਭ ਕਰ ਦਿੱਤਾ ਗਿਆ ਹੈ। ਇਸ ਉਪਰਾਲੇ ਅਧੀਨ 31 ਰਾਗਾਂ ਵਿਚ ਗਾਇਨ ਕੀਤੇ ਸ਼ਬਦਾਂ ਦੀਆਂ 16 ਕੈਸਟਾਂ ਅਤੇ ਭਾਈ ਬਲਬੀਰ ਸਿੰਘ ਅੰਮ੍ਰਿਤਸਰ ਵਾਲਿਆਂ ਦੀ ਗਾਇਨ ਕੀਤੀ ਆਸਾ ਦੀ ਵਾਰ ਦੀਆਂ ਤਿੰਨ ਕੈਸਟਾਂ ਰਿਲੀਜ਼ ਕੀਤੀਆਂ ਗਈਆਂ ਹਨ।

ਇਹ ਕੈਸਟਾਂ ਆਮ ਕੀਰਤਨ-ਕੈਸਟਾਂ ਨਾਲੋਂ ਕਈ ਪੱਖਾਂ ਕਰਕੇ ਵਿਸ਼ੇਸ਼ ਹਨ। ਇਨ੍ਹਾਂ ਵਿਚ ਕੀਤਾ ਕੀਰਤਨ ਗੁਰੂ ਗਰੰਥ ਸਾਹਿਬ ਵਿਚ ਦਰਜ ਨਿਰਧਾਰਤ ਰਾਗਾਂ ਅਨੁਸਾਰ ਹੈ। ਇਨ੍ਹਾਂ ਰਾਗਾਂ ਦਾ ਸਰੂਪ ਉਚਕੋਟੀ ਦੇ ਵਿਦਵਾਨਾਂ ਦੀ ਨਿਰਣਾਇਕ ਕਮੇਟੀ ਦੁਆਰਾ ਨਿਸਚਿਤ ਕੀਤਾ ਗਿਆ ਹੈ। ਚਾਰ ਦਿਨਾਂ ਦਾ ਗੁਰਮਤ ਸੰਗੀਤ ਸੰਮੇਲਨ ਮੁੜ ਨਿਰਣਾਇਕ ਕਮੇਟੀ ਨੇ ਸੁਣਿਆ। ਸ਼ੁੱਧ ਗੁਰਬਾਣੀ ਉਚਾਰਨ ਅਤੇ ਸ਼ੁੱਧ ਰਾਗਾਂ ਵਿਚ ਗਾਇਨ ਕੀਤੇ ਸ਼ਬਦਾਂ ਦੀ ਚੋਣ ਕਰਕੇ ਇਹ ਕੈਸਟਾਂ ਤਿਆਰ ਕੀਤੀਆਂ ਹਨ। ਹਰ ਰਾਗ ਦੇ ਆਰੰਭ ਵਿਚ ਉਸ ਰਾਗ ਦੇ ਸਰੂਪ ਦਾ ਵਰਨਣ ਕੀਤਾ ਗਿਆ ਹੈ।

ਰਾਗਾਂ ਨੂੰ ਗਾਇਨ ਵੇਲੇ ਕ੍ਰਮਵਾਰ ਹੇਠ ਲਿਖੇ ਕੀਰਤਨੀਆਂ ਅਤੇ ਸੰਗੀਤਕਾਰਾਂ ਦਾ ਗਾਇਨ ਸੁਣਨ ਨੂੰ ਮਿਲਦਾ ਹੈ; ਪ੍ਰਿੰਸੀਪਲ ਬਲਦੇਵ ਸਿੰਘ, ਬੀਬੀ ਗੀਤਾ ਪੈਂਤਲ, ਡਾ. ਗੁਰਨਾਮ ਸਿੰਘ, ਪ੍ਰੋ. ਹਰਚੰਦ ਸਿੰਘ, ਭਾਈ ਗੁਰਦੇਵ ਸਿੰਘ, ਸੰਤ ਨਿਰੰਜਨ ਸਿੰਘ, ਬੀਬੀ ਨਿਵੇਦਿਤਾ ਕੌਰ, ਸਿੰਘ ਬੰਧੂ, ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ. ਪ੍ਰੋ. ਕਰਤਾਰ ਸਿੰਘ, ਭਾਈ ਪ੍ਰਿਥੀਪਾਲ ਸਿੰਘ, ਪ੍ਰੋ. ਪਰਮਜੋਤ ਸਿੰਘ, ਭਾਈ ਸਰਬਜੀਤ ਸਿੰਘ ਰੰਗੀਲਾ, ਭਾਈ ਅਮਰਜੀਤ ਸਿੰਘ ਤਾਨ, ਭਾਈ ਇਕਬਾਲ ਸਿੰਘ, ਭਾਈ ਅਵਤਾਰ ਸਿੰਘ, ਭਾਈ ਮਹਿੰਦਰ ਸਿੰਘ ਸਾਗਰ, ਭਾਈ ਬਲਬੀਰ ਸਿੰਘ, ਭਾਈ ਨਰਿੰਦਰ ਸਿੰਘ, ਡਾ. ਅਜੀਤ ਸਿੰਘ ਪੈਂਤਲ, ਬੀਬੀ ਜਸਵਿੰਦਰ ਕੌਰ, ਭਾਈ ਰਵਿੰਦਰ ਸਿੰਘ, ਭਾਈ ਨਿਰਮਲ ਸਿੰਘ ਖਾਲਸਾ, ਡਾ. ਜਾਗੀਰ ਸਿੰਘ, ਭਾਈ ਹਰਿੰਦਰ ਸਿੰਘ, ਭਾਈ ਹਰਚਰਨ ਸਿੰਘ ਫੱਕਰ, ਬੀਬੀ ਗੁਰਿੰਦਰ ਕੌਰ, ਪ੍ਰੋ. ਪਰਮਜੀਤ ਸਿੰਘ, ਭਾਈ ਹਰਜਿੰਦਰ ਸਿੰਘ, ਭਾਈ ਕੰਵਰਪਾਲ ਸਿੰਘ, ਡਾ. ਦਰਸ਼ਨ ਸਿੰਘ ਨਰੂਲਾ।

ਇਨ੍ਹਾਂ ਕੈਸਟਾਂ ਵਿਚ ਨਿਰਧਾਰਤ ਰਾਗਾਂ ਅਤੇ ਅਨੇਕਾਂ ਬਿਖੜੇ ਤਾਲਾਂ ਦਾ ਸਰੂਪ ਸੰਭਾਲਿਆ ਗਿਆ ਹੈ। ਸੱਚਮੁੱਚ ਇਹ ਹਰੇਕ ਪਰਿਵਾਰ ਲਈ ਅਦੁੱਤੀ ਤੋਹਫਾ ਹੈ। ਲੋੜ ਹੈ ਕਿ ਹੁਣ ਗੁਰਦੁਆਰਾ ਸਾਹਿਬਾਨ ਵਿਚ ਪੁਸਤਕ ਲਾਇਬ੍ਰੇਰੀਆਂ ਦੇ ਨਾਲ ਆਡਿਓ ਲਾਇਬ੍ਰੇਰੀਆਂ ਵੀ ਸਥਾਪਤ ਕੀਤੀਆਂ ਜਾਣ।

ਪੰਜਾਬ ਦੇ ਸਕੂਲਾਂ-ਕਾਲਜਾਂ ਵਿਚ +2 ਦੀਆਂ ਸ਼੍ਰੇਣੀਆਂ ਲਈ ਗੁਰਬਾਣੀ ਸੰਗੀਤ ਦਾ ਜੋ ਵਿਸ਼ਾ ਆਰੰਭ ਕੀਤਾ ਗਿਆ ਹੈ, ਉਸ ਦੀ ਪੜ੍ਹਾਈ ਸਿਖਲਾਈ ਲਈ ਵੀ ਇਹ ਕੈਸਟਾਂ ਲਾਹੇਵੰਦ ਹਨ।

—ਡਾ. ਜਾਗੀਰ ਸਿੰਘ

## ਗੁਰਮਤਿ ਕੀਰਤਨ ਕਲਾਸਾਂ

ਗੁਰਦੁਆਰਾ ਸਾਹਿਬ ਸਾਚਾ ਧੰਨ ਫੇਜ 3ਬੀ-1 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਵਿਖੇ 4 ਦਸੰਬਰ 1990 ਤੋਂ ਕੀਰਤਨ ਤੇ ਗੁਰਬਾਣੀ ਸੰਗੀਤ ਦੀ ਸਿਖਲਾਈ ਸੰਬੰਧੀ ਕਲਾਸਾਂ ਚਲ ਰਹੀਆਂ ਹਨ। ਇਹਨਾਂ ਕਲਾਸਾਂ ਦਾ ਸੰਚਾਲਨ ਪ੍ਰੋ. ਕਰਤਾਰ ਸਿੰਘ ਜੀ ਹੁਸ਼ਿਆਰਪੁਰ ਵਾਲਿਆਂ ਦੀ ਪ੍ਰੇਰਣਾ ਸਦਕਾ ਆਰੰਭ ਹੋਇਆ। ਸ਼ੁਰੂ ਵਿੱਚ ਸ. ਹਰਭਜਨ ਸਿੰਘ ਜੀ ਚੋਪੜਾ ਸੀ.ਏ. ਤੇ ਪ੍ਰਿੰਸੀਪਲ ਨਰਿੰਦਰ ਸਿੰਘ ਜੀ ਹੋਰਾਂ, ਮਾਸਟਰ ਨਿਹਾਲ ਸਿੰਘ ਜੀ ਦੇ ਸਿਖਲਾਈ ਢੰਗ ਅਨੁਸਾਰ ਸਿਖਲਾਈ ਸੇਵਾ ਦਾ ਕਾਰਜ ਆਰੰਭ ਕੀਤਾ, ਜਿਸ ਤੋਂ ਹੁਣ ਤਕ ਲਗ ਭਗ ਸੌ ਤੋਂ ਵੱਧ ਵਿਦਿਆਰਥੀ ਲਾਭ ਲੈ ਚੁੱਕੇ ਹਨ। ਇਸ ਸਮੇਂ ਇਥੇ ਪੁਰਾਣੇ ਸਿੱਖੇ ਵਿਦਿਆਰਥੀ ਮਿਸਿਜ਼ ਸਤਪਾਲ ਕੌਰ ਚੁੱਘ ਸਿਖਲਾਈ ਦੀ ਅਤੁੱਟ ਸੇਵਾ ਨਿਭਾ ਰਹੇ ਹਨ ਜਿਹਨਾਂ ਦੇ ਨਾਲ ਮਿਸਿਜ਼ ਜਗਜੀਤ ਕੌਰ ਤੇ ਹਰਮੀਤ ਕੌਰ ਭੀ ਸਿਖਲਾਈ ਦੀ ਸੇਵਾ 'ਚ ਹੱਥ ਵੰਡਾ ਰਹੇ ਹਨ।

ਇਸ ਸਮੇਂ ਕਲਾਸ ਪਾਸ 14 ਹਰਮੋਨੀਅਮ ਹਨ ਜਿਹਨਾਂ ਵਿਚੋਂ ਪੰਜਾਂ ਹਰਮੋਨੀਅਮਾਂ ਦੀ ਸੇਵਾ ਗੁਰਦੁਆਰਾ ਸਾਚਾ ਧੰਨ ਸਾਹਿਬ ਵਲੋਂ ਹੋਈ ਹੈ। 2 ਹਰਮੋਨੀਅਮ ਕਰਨਲ ਮਨਮੋਹਨ ਸਿੰਘ ਜੀ ਨੇ ਅਤੇ ਇਕ ਇਕ ਹਰਮੋਨੀਅਮ ਸਰਦਾਰਨੀ ਸਤਪਾਲ ਕੌਰ ਚੁੱਘ, ਮਿਸਿਜ਼ ਜਸਪਾਲ ਕੌਰ ਸੇਠੀ, ਸ. ਗੁਰਦਿਆਲ ਸਿੰਘ ਜੀ ਗਿੱਲ, ਸ. ਹਰਮਿੰਦਰ ਸਿੰਘ ਵਿੱਲੋਂ, ਸ੍ਰੀ ਕੁਲਵੰਤ ਸਿੰਘ ਜੀ ਰਾਹੀਂ ਮਿਸਿਜ਼ ਐਸ.ਐਚ. ਚਾਵਲਾ ਅਤੇ ਸ੍ਰੀਮਤੀ ਸਤਵੰਤ ਕੌਰ ਜੀ ਨੇ ਸੇਵਾ ਕਰਾਈ ਹੈ।

ਸ. ਉਤਮ ਸਿੰਘ ਜੀ, ਜੋ ਰਾਗ ਤੇ ਤਾਲ ਵਿਦਿਆ ਦੇ ਚੰਗੇ ਮਾਹਰ ਹਨ, ਇਸ ਕਲਾਸ ਦੀ ਸਰਪ੍ਰਸਤੀ ਕਰਕੇ ਤਾਲ ਤੇ ਰਾਗ ਬਾਰੇ ਹਰ ਕਿਸਮ ਦੀਆਂ ਗੁੰਝਲਾਂ ਨੂੰ ਖੋਲ੍ਹ ਕੇ ਸਮਝਾ ਦਿੰਦੇ ਹਨ। ਉਹ ਹਰ ਰੋਜ਼ ਸ਼ਾਮ ਨੂੰ ਸਮਾਂ ਕੱਢ ਕੇ 5-30 ਤੋਂ ਲੈ ਕੇ ਘੱਟੋ ਘੱਟ ਇਕ ਘੰਟਾ ਵਿਸ਼ੇਸ਼ ਤੌਰ ਤੇ ਕਲਾਸ ਦੀ ਹਾਜ਼ਰੀ ਭਰਦੇ ਹਨ।

ਪ੍ਰਿੰਸੀਪਲ ਨਰਿੰਦਰ ਸਿੰਘ ਜੀ ਮੁਢਲੀ ਅਥਵਾ ਪ੍ਰਾਇਮਰੀ ਕਲਾਸ ਦੇ ਵਿਦਿਆਰਥੀਆਂ ਨੂੰ ਅਤੇ ਸ੍ਰ. ਹਰਭਜਨ ਸਿੰਘ ਜੀ ਚੋਪੜਾ ਸਾਹਿਬ ਪਹਿਲਾਂ ਸਿੱਖ ਚੁੱਕੇ ਵਿਦਿਆਰਥੀਆਂ ਨੂੰ ਅੱਗੇ ਹੋਰ ਸਿਖਲਾਈ ਤੇ ਅਭਿਆਸ ਕਰਵਾਉਂਦੇ ਹਨ।

ਕੀਤਰਨ ਤੇ ਗੁਰਬਾਣੀ ਸੰਗੀਤ ਦੀ ਸਿਖਲਾਈ ਤੋਂ ਇਲਾਵਾ ਇਹਨਾਂ ਕਲਾਸਾਂ ਵਿੱਚ ਬੱਚਿਆਂ ਨੂੰ ਗੁਰਬਾਣੀ ਦੇ ਸ਼ੁੱਧ ਪਾਠ ਦਾ ਅਭਿਆਸ ਵੀ ਕਰਵਾਇਆ ਜਾ ਰਿਹਾ ਹੈ। ਇਸ ਸਮੇਂ ਜਪੁਜੀ ਸਾਹਿਬ ਦੇ ਪਾਠ ਦਾ ਅਭਿਆਸ ਚਲ ਰਿਹਾ ਹੈ।

## ਗੁਰ ਅਰਜਨ ਦੇਵ ਜੀ ਦਾ ਗੁਰਪੁਰਬ ਦਿਵਸ

ਚੰਡੀਗੜ੍ਹ ਗੁਰਦੁਆਰਾ ਸਥਾਪਨ :—

ਕਮੇਟੀ ਵੱਲੋਂ ਮਿਤੀ 30 ਮਈ ਤੋਂ 4 ਜੂਨ 92 ਤੱਕ ਗੁਰਦੁਆਰਾ ਸਾਹਿਬ ਸੈਕਟਰ 22-ਡੀ ਚੰਡੀਗੜ੍ਹ ਵਿਖੇ ਸ਼ਹੀਦਾਂ ਦੇ ਸਿਰਤਾਜ ਅਤੇ ਸ਼ਾਂਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਮਨਾਇਆ ਗਿਆ, ਜਿਸ ਵਿਚ ਉੱਘੇ ਕੀਰਤਨੀਆਂ, ਲੈਕਚਰਾਰਾਂ, ਕਥਾਕਾਰਾਂ, ਕਵੀ ਜਨਾਂ ਤੇ ਹੋਰ ਗੁਣੀ ਗਿਆਨੀਆਂ ਨੇ ਗੁਰੂ ਸਾਹਿਬਾਨ ਦੀ ਇਲਾਹੀ ਬਾਣੀ ਦਾ ਕੀਰਤਨ ਕੀਤਾ ਤੇ, ਗੁਰੂ ਸਾਹਿਬ ਦੇ ਜੀਵਨ ਤੇ ਸ਼ਹਾਦਤ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਨਿਰਨੇਮ ਦੇ ਨਾਲ ਭਾਈ ਹਰਮੇਸ਼ ਸਿੰਘ ਜੀ ਤੇ ਭਾਈ ਹਰਭਜਨ ਸਿੰਘ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਗਿਆਨੀ ਅਮਰੀਕ ਸਿੰਘ ਜੀ ਹੈੱਡ ਗਰੰਥੀ ਹੋਰਾਂ ਰੋਜ਼ਾਨਾ ਕਥਾ ਦੀ ਸੇਵਾ ਨਿਭਾਈ। ਪ੍ਰਿੰਸੀਪਲ ਅਮਰ ਸਿੰਘ ਜੀ, ਗਿਆਨੀ ਬਚਿੱਤਰ ਸਿੰਘ ਐਡਵੋਕੇਟ, ਭਾਈ ਸਾਹਿਬ ਭਾਈ ਪ੍ਰੇਮ ਸਿੰਘ ਜੀ ਮਿਸ਼ਨਰੀ, ਗਿਆਨੀ ਹਰੀ ਸਿੰਘ ਜੀ, ਭਾਈ ਜਸਬੀਰ ਸਿੰਘ ਜੀ ਕੰਧਾਰੀ, ਡਾ ਹਰਨਾਮ ਸਿੰਘ ਸ਼ਾਨ, ਡਾ. ਦਰਸ਼ਨ ਸਿੰਘ ਜੀ, ਭਾਈ ਅਸ਼ੋਕ ਸਿੰਘ ਬਾਗੜੀਆ ਤੇ ਪ੍ਰਿੰਸੀਪਲ ਹਰਭਜਨ ਸਿੰਘ ਜੀ ਨੇ ਆਪਣੇ ਆਪਣੇ ਲੈਕਚਰਾਂ ਨਾਲ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ ਸ਼ਹਾਦਤ ਤੇ ਗੁਰਮਤਿ ਦੇ ਹੋਰ ਅਨੇਕਾਂ ਵੱਖ ਵੱਖ ਪਖਾਂ ਤੋਂ ਭਰਪੂਰ ਜਾਣਕਾਰੀ ਦਿੱਤੀ। ਕਵੀ ਦਰਬਾਰ ਵਿਚ ਉਘੇ ਕਵੀ ਸੱਜਣਾਂ ਨੇ ਨੇ ਸ਼ਹੀਦਾਂ ਦੇ ਸਿਰਤਾਜ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।

ਰੋਜ਼ਾਨਾ ਦੇ ਪਾਠ ਤੇ ਨਿਤਨੇਮ ਤੋਂ ਇਲਾਵਾ ਮਿਤੀ 2-6-92 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਹੋਏ। 2 ਜੂਨ ਨੂੰ ਹੀ ਇਕ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। 4 ਜੂਨ ਨੂੰ ਸ੍ਰੀ ਆਖੰਠ ਪਾਠ ਸਾਹਿਬ ਦੇ ਭੋਗ ਪਾਏ ਗਏ। ਭਾਈ ਸਾਹਿਬ ਭਾਈ ਹਰਿਭਜਨ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ, ਡਾ. ਜਾਗੀਰ ਸਿੰਘ ਜੀ ਚੰਡੀਗੜ੍ਹ 'ਅੰਮ੍ਰਿਤ ਕੀਰਤਨ" ਵਾਲੇ, ਤੇ ਭਾਈ ਸੁਬੇਗ ਸਿੰਘ ਜੀ ਦੇ ਰਾਗੀ ਜਥਿਆਂ ਨੇ ਇਲਾਹੀ ਬਾਣੀ ਦਾ ਸ਼ਬਦ ਕੀਰਤਨ ਕੀਤਾ। ਕੀਰਤਨ ਜਥਾ ਇਸਤਰੀ ਸਤਸੰਗ ਸੈਕਟਰ 22 ਅਤੇ ਕੇਂਦਰੀ ਵਿਦਿਆਲਾ ਸ੍ਰੀ ਗੁਰੂ ਸਿੰਘ ਸਭਾ, ਸੈਕਟਰ 28 ਦੇ ਵਿਦਿਆਰਥੀ ਬੱਚਿਆਂ ਨੇ ਵੀ ਗੁਰ ਸ਼ਬਦ ਦਾ ਕੀਰਤਨ ਕੀਤਾ। ਇਸ ਮੌਕੇ ਸੰਗਤਾਂ ਨੂੰ ਠੰਡੀਆਂ ਛਬੀਲਾਂ ਤੇ ਗੁਰੂ ਕਾ ਅਤੁੱਟ ਲੰਗਰ ਬੜੀ ਸ਼ਰਧਾ ਨਾਲ ਵਰਤਾਇਆ ਗਿਆ।

—0—